148

ੴ ਵਾਹਿਗੁਰੂ ਜੀ ਕੀ ਫਤਹਿ ॥

# ਸਾਧੂ ਦਯਾ ਨੰਦ

# ਤੇ



# ਮੇਰਾ ਸੰਬਾਦ

ਕ੍ਰਿਤ

ਗਿਆਨੀ ਦਿੱਤ ਸਿੰਘ ਜੀ

ਪ੍ਰਕਾਸ਼ਕ :—

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051, ਕੂਚਾ 14, ਫੀਲਡ ਗੰਜ, ਲੁਧਿਆਣਾ।

ਸਬ ਆਫਿਸ : A-143, ਫਤਹਿ ਨਗਰ, ਨਵੀਂ ਦਿੱਲੀ-18

Sri Satguru Jagjit Singh Ji eLibrary NamdhariElibrary@gmail.com

## ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਵਲੋਂ ਚਲਾਏ ਜਾ ਰਹੇ ਧਰਮ ਪ੍ਰਚਾਰ ਪ੍ਰਾਜੈਕ

**(ੳ) ਦੋ ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ :** ਜਿਸ ਵਿਚ 30 ਹਜ਼ਾਰ ਨੌਜੁਆਨ ਸਿੱਖ ਵੀਰ ਤੇ ਭੈ ਦਾਖਲਾ ਲੈ ਕੇ ਘਰ ਬੈਠੇ ਬਿਠਾਏ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਨਿਸ਼ਕਾਮ ਸਿੱਖ ਮਿਸ਼ ਤਿਆਰ ਹੋ ਰਹੇ ਹਨ। ਪ੍ਰਾਸਪੇਕਟ 6 ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ (ਦਾਖਲਾ ਫੀਸ ਕੇਵਲ 10 ਰੁਪਏ ਅਤੇ ਹਰ ਤਿਮਾਹੀ ਦੀਆਂ ਪੁਸਤਕਾਂ ਦੀ ਭੇਟਾ ਕੇਵਲ 50 ਰੁਪਏ ਹੈ)

**(ਅ) ਸਿੱਖ ਫੁਲਵਾੜੀ ਮਾਸਿਕ ਮੈਗਜ਼ੀਨ :** ਜੋ ਪੰਜਾਬੀ ਤੇ ਹਿੰਦੀ ਵਿਚ 70 ਹਜ਼ਾਰ ਦੀ ਗਿਣਤੀ ਵਿਚ ਛਪ। ਤੇ ਜਿਸ ਰਾਹੀਂ ਘਰ ਘਰ ਵਿਚ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦਾ ਸੰਦੇਸ਼ ਪੁੱਜ ਰਿ ਸਿੱਖ ਸੰਗਤਾਂ ਵਲੋਂ ਪੁੱਛੇ ਜਾਂਦੇ ਗੁਰਮਤਿ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਂਦੇ ਹਨ।

**(ੲ) ਬੱਚਿਆਂ ਤੇ ਨੌਜੁਆਨਾਂ ਲਈ ਵੱਖ-ਵੱਖ ਹਫ਼ਤਾਵਾਰੀ ਧਾਰਮਿਕ ਕਲਾਸਾਂ :** ਇਹਨਾਂ ਕਲਾਸਾਂ ਵਿਚ ਬੱਚਿਆਂ ਨੌਜੁਆਨਾਂ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਸਿਖਾਇਆ ਜਾਂਦਾ ਹੈ। ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਦੀ ਭਰ ਜਾਣਕਾਰੀ ਦੇ ਕੇ ਉਹਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ। ਤੁਸੀਂ ਆਪਣੇ ਇਲਾਕੇ/ਕਾਲੋਂ ਵਿਚ ਲੱਗ ਰਹੀ ਬੱਚਿਆਂ ਦੀ ਵੀ ਹਫਤਾਵਾਰੀ ਧਾਰਮਿਕ ਕਲਾਸ ਵਿਚ ਬੱਚਿਆਂ ਨੂੰ ਭੇਜ ਕੇ ਲਾਭ ਉਠਾ ਸਕਦੇ ਹੋ।

**(ਸ) ਪ੍ਰਮਾਣੀਕ ਧਾਰਮਿਕ ਲਿਟਰੇਚਰ :** ਸਿੱਖ ਸੰਗਤਾਂ ਨੂੰ ਫ੍ਰੀ ਅਤੇ ਲਾਗਤ ਮਾਤਰ ਕੀਮਤ ਤੇ ਪ੍ਰਮਾਣੀਕ ਖੋਜ ਭਰਪੂਰ ਧਾਰਮਿਕ ਲਿਟਰੇਚਰ ਦਿੱਤਾ ਜਾ ਰਿਹਾ ਹੈ। ਕਾਲਜ ਵਲੋਂ 270 ਦੇ ਲਗਭਗ ਸਿੱਖ ਧਰਮ ਦੇ ਹਰ ਪਹਿਲੂ ਤੇ ਧਾਰਮਿਕ ਪੁਸਤਕਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ।

**(ਹ) ਧਾਰਮਿਕ ਪ੍ਰੀਖਿਆ :** ਹਰ ਸਾਲ ਸਕੂਲਾਂ/ਕਾਲਜਾਂ ਦੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲੈ ਕੇ ਲਗਭਗ 4,00,000 ਰੁਪਏ ਦੇ ਵਿਸ਼ੇਸ਼ ਇਨਾਮ ਦਿੱਤੇ ਜਾ ਰਹੇ ਹਨ। ਆਪਣੇ ਬੱਚਿਆਂ ਨੂੰ ਧਾਰਮਿਕ ਪ੍ਰੀਖਿਆ ਲਈ ਤਿਆਰ ਕਰਨ ਲਈ ਬੱਚਿਆਂ ਦੀਆਂ ਵਿਸ਼ੇਸ਼ ਕਲਾਸਾਂ ਵਿਚ ਭੇਜੋ। ਪ੍ਰੀਖਿਆ ਹਰ ਸਾਲ ਅਕਤੂਬਰ/ਨਵੰਬਰ ਦੇ ਮਹੀਨੇ ਵਿਚ ਹੁੰਦੀ ਹੈ। ਸਿਲੇਬਸ ਤੇ ਨਿਯਮ ਕਾਲਜ ਨੂੰ ਚਿੱਠੀ ਲਿਖ ਕੇ ਦੋ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੰਗਵਾਉ ਜੀ।

**(ਕ) ਫ੍ਰੀ ਲਿਟਰੇਚਰ ਰਾਹੀਂ ਪ੍ਰਚਾਰ :** ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਧਰਮ ਦੇ ਕਿਸੇ ਨਾ ਕਿਸੇ ਪਹਿਲੂ ਤੇ ਹਰ ਮਹੀਨੇ 60000 ਦੇ ਲਗਭਗ ਫ੍ਰੀ ਲਿਟਰੇਚਰ ਸਿੱਖ ਸੰਗਤਾਂ ਵਿਚ ਵੰਡਿਆ ਜਾ ਰਿਹਾ ਹੈ। ਤੁਸੀਂ ਵੀ ਇਹ ਲਿਟਰੇਚਰ ਮੰਗਵਾ ਕੇ ਵੰਡ ਸਕਦੇ ਹੋ। ਇਸ ਫੰਡ ਵਿਚ ਆਪਣੀ ਕਿਰਤ ਦੇ ਦਸਵੰਧ ਦਾ ਕੁਝ ਨਾ ਕੁਝ ਹਿੱਸਾ ਜ਼ਰੂਰ ਪਾਉ ਜੀ

**(ਖ) ਗੁਰਬਾਣੀ ਦੇ ਵਿਸ਼ੇਸ਼ ਗੁਟਕੇ :** ਗੁਰਬਾਣੀ ਵਿਆਕਰਣ ਅਨੁਸਾਰ ਅਤੇ ਅਰਥਾਂ ਦੀ ਸੁਖੈਨ ਸੋਝੀ, ਯੋਗ ਥਾਵਾਂ ਤੇ ਬਿਸਰਾਮ ਦੇਣ ਲਈ ਖਾਲੀ ਥਾਂ ਛੱਡ ਕੇ, ਵਿਸ਼ੇਸ਼ ਗੁਟਕੇ ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਵੱਖ-ਵੱਖ ਸਾਈਜ਼ ਵਿਚ ਤਿਆਰ ਕੀਤੇ ਗਏ ਹਨ ਜਿਹਨਾਂ ਤੋਂ ਪਾਠ ਕਰਨਾ ਸੌਖਾ ਹੈ ਤੇ ਛੇਤੀ ਹੀ ਅਰਥਾਂ ਦੀ ਸੋਝੀ ਹੋ ਜਾਂਦੀ ਹੈ। ਕਾਗ਼ਜ਼, ਛਪਾਈ ਤੇ ਜਿਲਦ ਵਧੀਆ ਪਰ ਕੀਮਤ ਲਾਗਤ ਮਾਤਰ ਰੱਖੀ ਗਈ ਹੈ। ਬੱਚਿਆਂ ਨੂੰ ਅਜਿਹੇ ਗੁਟਕਿਆਂ ਤੋਂ ਹੀ ਪਾਠ ਕਰਨ ਦਾ ਅਭਿਆਸ ਕਰਾਉ ਜੀ।

**(ਗ) ਸਿੱਖ ਮਿਸ਼ਨਰੀ ਪਬਲਿਕ ਸਕੂਲ :** ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਵਿਦਿਆ ਦੇਣ ਲਈ ਸਲੇਮ ਟਾਬਰੀ, ਲੁਧਿਆਣਾ ਵਿਖੇ ਇਹ ਆਦਰਸ਼ਿਕ ਸਕੂਲ ਖੋਲ੍ਹਿਆ ਗਿਆ ਹੈ।

**(ਘ) ਆਡਿਓ ਵੀਡੀਓ ਕੈਸਿਟਾਂ :** ਮੌਜੂਦਾ ਸਮੇਂ ਦੀ ਲੋੜ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਕਾਲਜ ਵਲੋਂ ਧਰਮ ਪ੍ਰਚਾਰ ਲਈ ਵੱਖ-ਵੱਖ ਵਿਸ਼ਿਆਂ ਤੇ ਸ਼ਬਦ ਵੀਚਾਰ, ਲੈਕਚਰ, ਕਵਿਤਾਵਾਂ ਅਤੇ ਸ਼ਬਦ ਕੀਰਤਨ ਦੀਆਂ ਆਡੀਓ ਵੀਡੀਓ ਕੈਸਟਾਂ ਤਿਆਰ ਕੀਤੀਆਂ ਗਈਆਂ ਹਨ।

**(ਙ) ਸਿੱਖ ਮਿਸ਼ਨਰੀ ਰੈਗੂਲਰ ਕਾਲਜ, ਅਨੰਦਪੁਰ ਸਾਹਿਬ :** ਜੁਲਾਈ ੧੯੯੫ ਵਿਚ, ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਰੈਗੂਲਰ ਸਿੱਖ ਮਿਸ਼ਨਰੀ ਕਾਲਜ ਆਰੰਭ ਕੀਤਾ ਗਿਆ। ਇਹ ਕਾਲਜ ਇਕ ਸ਼ਾਨਦਾਰ ਬਿਲਡਿੰਗ ਵਿਚ ਗੁਰਦੁਆਰਾ ਕਿਲ੍ਹਾ ਫਤਹਿਗੜ੍ਹ ਸਾਹਿਬ ਦੇ ਨੇੜੇ ਸਥਿਤ ਹੈ। ਹਰਿਆਣਾ ਦੇ ਪਿੰਡ ਭੌਰ ਸੈਦਾਂ (ਜ਼ਿਲ੍ਹਾ ਕੁਰੁਕਸ਼ੇਤਰ) ਵਿਚ ਵੀ ਜੁਲਾਈ 1999 ਤੋਂ ਰੈਗੂਲਰ ਕਾਲਜ ਚਲ ਰਿਹਾ ਹੈ। ਇਸ 'ਕਾਲਜ' ਵਿਚੋਂ ਪੜ੍ਹੇ-ਲਿਖੇ, ਉੱਚੇ-ਸੁੱਚੇ ਜੀਵਨ ਵਾਲੇ, ਮਿਆਰੀ ਧਰਮ-ਪ੍ਰਚਾਰਕ ਤਿਆਰ ਕੀਤੇ ਜਾ ਰਹੇ ਹਨ। ਬਰੇਲੀ (ਯੂ.ਪੀ.) ਵਿਖੇ ਵੀ ਰੈਗੂਲਰ ਕਾਲਜ ਆਰੰਭ ਕੀਤਾ ਜਾ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

੧ ੴ ਵਾਹਿਗੁਰੂ ਜੀ ਕੀ ਫਤਹ ॥

# ਸਾਧੂ ਦਯਾਨੰਦ ਤੇ ਮੇਰਾ ਸੰਬਾਦ

ਕ੍ਰਿਤ

*ਗਿਆਨੀ ਦਿੱਤ ਸਿੰਘ ਜੀ*


BE SATGURU'S TRUE GURSIKH
BE TRUTHFUL, FAITHFUL
BE NON-VIOLENT, TOLERANT, MERCIFUL
BE VEGETARIAN - ORGANIC
BE PEACE-LOVER - PEACEFUL RESPECT WORLD PEACE

"CONGRATULATIONS"
ON BLISSFUL AUSPICIOUS PARKASH DIWAS
OF:-
H.H. SHRI SATGURU JAGJIT SINGH JEE

FROM:-
S. S. JEET

H.H. Shri Satguru Jagjit Singh Ji Library
36 Margery Park Road
Forest Gate, London E7 9JY



**ਸਿੱਖ ਮਿਸ਼ਨਰੀ ਕਾਲਜ**

ਲੁਧਿਆਣਾ ।



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ :
ਸਿੱਖ ਮਿਸ਼ਨਰੀ ਕਾਲਜ,
ਕੂਚਾ ਨੰ: 14, ਫੀਲਡ ਗੰਜ,
ਲੁਧਿਆਣਾ-141008.

ਛਾਪਕ :
ਤੂਫਾਨ ਪਬਲੀਕੇਸ਼ਨ ਪ੍ਰਾ: ਲਿ:
ਬਾਜੜਾ, ਰਾਹੋਂ ਰੋਡ, ਲੁਧਿਆਣਾ-7.
ਫੋਨ : 51894 P.P.

Sri Satguru Jagjit Singh Ji eLibrary NamdhariElibrary@gmail.com

# ਅਰੰਭਕ ਬੇਨਤੀ

ਗਿਆਨੀ ਦਿੱਤ ਸਿੰਘ ਜੀ ਦੀ ਇਹ ਪੁਸਤਕ ਕੁਝ ਪਹਿਲੂਆਂ ਤੋਂ ਅਤਿਅੰਤ ਹੀ ਮਨੋਰੰਜਕ ਤੇ ਕੀਮਤੀ ਹੈ। ਇਸ ਦੇ ਆਰੰਭ ਵਿਚ ਭਾਈ ਸਾਹਿਬ ਜੀ ਦੀ ਆਪਣੀ ਜੀਵਨੀ ਦੇ ਅਰੰਭਕ ਹਾਲਾਤ ਹਨ, ਜਿਨ੍ਹਾਂ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਉਹ ਆਪਣੀ ਸਾਰੀ ਜੀਵਨੀ ਲਿਖਣ ਦੀ ਅਭਿਲਾਸ਼ਾ ਰਖਦੇ ਸਨ। ਜੇਕਰ ਆਪ ਜੀ ਆਪਣਾ ਜੀਵਨ ਮੁਕੰਮਲ ਲਿਖ ਜਾਂਦੇ ਤਾਂ ਕਿਤਨਾ ਚੰਗਾ ਹੁੰਦਾ? ਬੜੇ ਅਹਿਮ ਵਾਕਿਆਤ ਸਾਹਮਣੇ ਆਉਂਦੇ ਤੇ ਆਪਣੇ ਸਮੇਂ ਦੀ ਦਾਸਤਾਂ ਦੇ ਨਾਲ ਨਾਲ ਉਨ੍ਹਾਂ ਦੀ ਵਿਦਵਤਾ ਦੇ ਕਈ ਸਿਧਿਆਂਦਾਇਕ ਨੁਕਤੇ ਵੀ ਪ੍ਰਗਟ ਹੋਣੇ ਅਵੱਸ਼ ਸਨ।

ਦੂਜਾ ਮਹਾਨ ਪਹਿਲੂ ਇਸ ਛੋਟੀ ਜਿਹੀ ਪੁਸਤਕ ਦਾ ਇਹ ਹੈ ਕਿ, ਭਾਈ ਸਾਹਿਬ ਅੰਦਰ ਵਿਦਵਤਾ ਦੇ ਨਾਲ ਨਾਲ ਇਤਨਾ ਬਲ, ਨਿਰਭੈਤਾ ਤੇ ਅਦੁੱਤੀ ਸਾਹਸ ਸੀ ਕਿ ਆਪ ਜੀ ਨੇ ਉਸ ਵੇਲੇ ਦੇ 'ਮਹਾਨ ਸੰਬਾਦੀ' ਪੰਡਿਤ ਦਯਾ ਨੰਦ ਜੀ ਪਾਸੋਂ, ਜੋ ਨਿਤ ਦੇ ਬਹਿਸ ਅਖਾੜਿਆਂ ਵਿਚ ਵਡੇ ਵਡੇ ਆਲਿਮਾਂ-ਫਾਜ਼ਿਲਾਂ ਨੂੰ ਪਛਾੜਨ ਵਾਲੇ ਸਨ, ਕੋਈ ਭੈ ਨਹੀਂ ਖਾਧਾ ਸਗੋਂ ਆਪਣੇ ਪੱਖ ਨੂੰ ਏਨੇ ਸਪੱਸ਼ਟ ਤੇ ਜ਼ੋਰਦਾਰ ਢੰਗ ਨਾਲ ਬਿਆਨ ਕੀਤਾ ਕਿ, ਸਾਧੂ ਦਯਾ ਨੰਦ ਜੀ ਨੂੰ ਇਕ ਨਹੀਂ, ਤਿੰਨ ਵਾਰ ਆਪ ਪਾਸੋਂ ਸ਼ਾਸਤ੍ਰਾਰਥ ਵਿਚ ਹਾਰ ਖਾ ਕੇ ਨਮੋਸ਼ੀ ਉਠਾਉਣੀ ਪਈ। ਵਾਧੇ ਦੀ ਗੱਲ ਇਹ ਹੈ ਕਿ ਆਪ ਜੀ ਨੇ ਉਸ ਬਹਿਸ ਵਿਚ ਜੋ ਨੁਕਤੇ ਉਠਾਏ ਸਨ, ਉਨ੍ਹਾਂ ਨੂੰ ਲਿਖਤੀ ਰੂਪ ਦੇ ਕੇ ਸਾਧੂ ਜੀ ਦੇ, ਪ੍ਰੇਮੀਆਂ ਅਤੇ ਚੇਲਿਆਂ ਸਾਹਮਣੇ ਸਦੀਵੀ ਚੈਲਿੰਜ ਦੇ ਰੂਪ ਵਿਚ ਰੱਖ ਗਏ ਹਨ।

ਗਿਆਨੀ ਜੀ ਦੀ ਇਸ ਵਿਚਾਰ ਚਰਚਾ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਹਾਜ਼ਰ-ਜੁਆਬੀ ਵਿਚ ਆਪ ਜੀ ਆਪਣੀ ਮਿਸਾਲ ਆਪ ਸਨ, ਜਿਵੇਂ ਕਿ ਉਹਨਾਂ ਨੇ ਲਿਖਿਆ ਹੈ ਉਹਨਾਂ ਮਸਲੇ ਦੀ ਡੂੰਘਾਈ ਤੇ ਸਾਧੂ ਦਯਾ ਨੰਦ ਜੀ ਦੀ ਵਿਦਵਤਾ ਤੇ ਵਿਚਾਰ ਚਰਚਾ ਦੇ ਢੰਗ ਨੂੰ ਵਿਦਵਤਾ ਦੇ ਜ਼ੋਰ ਨਾਲ ਪਹਿਲਾਂ ਹੀ ਠੀਕ ਤਰ੍ਹਾਂ ਸਮਝ ਲਿਆ ਸੀ ਕਿ, ਸਾਧੂ ਜੀ ਮਹਾਰਾਜ ਕਿਸ ਤਰ੍ਹਾਂ ਪੈਂਤੜੇ ਖੇਲ੍ਹਣ ਤੇ ਕਿਸ ਤਰ੍ਹਾਂ ਦੀਆਂ ਮੰਤਕੀ ਉਖੇੜਾਂ ਮਾਰਨ ਵਾਲੇ ਹਨ।

ਗਿਆਨੀ ਜੀ ਨੇ ਆਪਣੀ ਬਹਿਸ ਵਿਚ ਜੋ ਨੁਕਤੇ ਉਠਾਏ ਸਨ, ਉਹ ਕਿੰਨੇ ਸਾਰਥਕ ਅਤੇ ਸਹੀ ਪੱਖ ਦੀ ਪੂਰਤੀ ਕਰਨ ਵਾਲੇ ਸਨ, ਇਹ ਅੱਜ ਵੀ ਸਾਡੇ ਸਾਹਮਣੇ ਤੇ ਵਿਚਾਰਨ ਵਾਲੀ ਵਸਤੂ ਹੈ। ਕਈ ਸੱਜਣ ਉਹਨਾਂ ਦੀ ਇਹ ਪੁਸਤਕ



Sri Satguru Jagjit Singh Ji eLibrary NamdhariElibrary@gmail.com

ਪੜ੍ਹੇ ਤੇ ਵਿਚਾਰੇ ਬਿਨਾ ਕਈ ਕਿਸਮਾਂ ਦੀਆਂ ਉਹਨਾਂ ਦੀ ਜ਼ਾਤ ਬਾਰੇ ਅਤੇ ਗੁਰਬਾਣੀ ਦੇ ਅਰਥਾਂ ਸਬੰਧੀ ਭੁੱਲਾਂ ਕਰਦੇ ਰਹਿੰਦੇ ਹਨ। ਅਜਿਹੇ ਸੱਜਣਾਂ ਨੂੰ ਇਹ ਪੁਸਤਕ ਸੁਚੇਤ ਕਰਨ ਵਾਲੀ ਹੈ, ਨਾਲ ਹੀ ਮੰਤਕ ਤੇ ਅਸਲੀਅਤ ਦੇ ਜ਼ੋਰ ਨਾਲ ਉਹਨਾਂ ਦੀ ਵਿਦਵਤਾ ਤੇ ਸਿਆਣਪ ਦਾ ਸਿੱਕਾ ਬਠਾਉਣ ਵਾਲੀ ਵੀ। ਪੰਡਤ ਦਯਾ ਨੰਦ ਜੀ, ਜਿਹਨਾਂ ਨੇ 'ਸਤਿਆਰਥ ਪ੍ਰਕਾਸ਼' ਨਾਮੀ ਗ੍ਰੰਥ ਵਿਚ ਵਡੇ ਵਡੇ ਧਰਮ-ਆਗੂਆਂ, ਮਹਾਂ-ਪੁਰਸ਼ਾਂ ਨੂੰ ਆਪਣੀ ਪ੍ਰਗਾੜ ਨਿੰਦਾ ਦੀ ਬੁਛਾੜ ਨਾਲ ਨਿਵਾਜਿਆ ਹੈ ? ਉਹ ਆਪ ਕਿੰਨੇ ਕੁ ਵਿਦਵਾਨ ਤੇ ਨਿਪੁੰਨ ਸਨ, ਭਾਈ ਦਿੱਤ ਸਿੰਘ ਜੀ ਦੀ ਇਹ ਰਚਨਾ ਤੇ ਦੰਭ ਵਿਦਾਰਨ ਇਸ ਪਹਿਲੂ ਨੂੰ ਸ਼ਾਨਦਾਰ ਢੰਗ ਨਾਲ ਦਰਸਾ ਦਿੰਦੇ ਹਨ।

ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਇਹ ਪੁਸਤਕ ਮੁੜ ਛਾਪੀ ਗਈ ਸੀ, ਨਾਲ ਹੀ 'ਸਿੰਘ ਸਭਾ ਪਤ੍ਰਿਕਾ' ਵਿਚ ਵੀ ਛਪੀ ਸੀ, ਤਾਂ ਜੋ ਵੱਧ ਤੋਂ ਵੱਧ ਪਾਠਕਾਂ ਤਕ ਪੁੱਜ ਸਕੇ। ਪਰਚੇ ਵਿਚ ਇਸ ਸੰਬਾਦ ਨੂੰ ਪੜ੍ਹ ਕੇ ਇਕ ਆਰੀਆ ਸਮਾਜੀ ਭਾਈ ਨੇ ਸੰਪਾਦਕ ਨੂੰ ਗੁੱਸੇ ਭਰਿਆ ਪੱਤਰ ਲਿਖ ਕੇ ਤਾੜਨਾ ਕੀਤੀ, ਕਿ ਤੁਸਾਂ ਭਾਈ ਦਿੱਤ ਸਿੰਘ ਅਤੇ ਸਾਧੂ ਦਯਾ ਨੰਦ ਜੀ ਦੇ ਸੰਬਾਦ ਬਾਰੇ ਜੋ ਲਿਖਿਆ ਹੈ, ਉਹ ਬਿਲਕੁਲ ਕਲਪਿਤ ਹੈ, ਕਿਥੇ ਸਵਾਮੀ ਦਯਾ ਨੰਦ ਜੀ ਮਹਾਂ ਰਿਸ਼ੀ ਤੇ ਵਿਦਵਾਨ, ਕਿਥੇ ਭਾਈ ਦਿੱਤ ਸਿੰਘ ਇਕ ਸਾਧਾਰਨ ਵਿਅਕਤੀ ? ਇਸ ਸੱਜਣ ਨੇ ਇਹ ਵੀ ਲਿਖਿਆ ਕਿ ਭਾਈ ਦਿੱਤ ਸਿੰਘ ਨਾਲ ਸਵਾਮੀ ਜੀ ਦੀ ਕੋਈ ਚਰਚਾ ਹੀ ਨਹੀਂ ਹੋਈ ਸੀ। ਇਹ ਵੀ ਇਕ ਗੱਪ ਹੀ ਹੈ।

ਉਤਰ ਵਿਚ, ਅਸੀਂ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਭਾਈ ਦਿੱਤ ਸਿੰਘ ਜੀ ਅਤੇ ਸਵਾਮੀ ਜੀ ਦੀ ਵਿਦਵਤਾ ਉਨ੍ਹਾਂ ਦੇ ਅਮੀਰ ਚੇਲਿਆਂ ਦੀ ਗਿਣਤੀ ਤੋਂ ਨਹੀਂ ਲਗਾਈ ਜਾਣੀ ਚਾਹੀਦੀ, ਉਨ੍ਹਾਂ ਦੇ ਗ੍ਰੰਥ ਪੜ੍ਹ ਕੇ ਹੀ ਲਗਾਉਣੀ ਚਾਹੀਦੀ ਹੈ। ਇਸ ਕਾਰਜ ਲਈ ਗਿਆਨੀ ਦਿੱਤ ਸਿੰਘ ਲਿਖਤ 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ' ਅਤੇ 'ਦੰਭ ਵਿਦਾਰਨ' ਪੜ੍ਹ ਕੇ ਸਹਿਜੇ ਹੀ ਹਰ ਨਿਰਪੱਖ ਪਾਠਕ ਜਾਣ ਸਕਦਾ ਹੈ ਕਿ ਗਿਆਨੀ ਜੀ ਆਪਣੇ ਪੱਖ ਪੇਸ਼ ਕਰਨ ਵਿਚ ਕਿਤਨੇ ਸਪਸ਼ਟ ਅਤੇ ਚੇਤੰਨ ਵਿਦਵਾਨ ਸਨ, ਜਦੋਂ ਕਿ ਸਵਾਮੀ ਜੀ ਨੇ ਆਪਣੇ ਸਿਧਾਂਤਕ ਕਹੇ ਜਾਂਦੇ ਗ੍ਰੰਥ 'ਸਤਿਆਰਥ ਪ੍ਰਕਾਸ਼' ਨੂੰ ਆਪ ਹੀ ਦੂਜਾ ਐਡੀਸ਼ਨ ਛਾਪਣ ਵੇਲੇ ਮੁੜ ਸੋਧਿਆ ਅਤੇ ਹੁਣ ਤਕ ਗਲਤ ਗੱਲਾਂ ਦੀਆਂ ਸੋਧਾਂ ਹੁੰਦੀਆਂ ਰਹੀਆਂ ਹਨ। ਫਿਰ ਵੀ ਘੋਰ ਨਿੰਦਾ ਮਹਾਂ ਪੁਰਖਾਂ ਦੀ ਉਸ ਵਿਚੋਂ ਹੋਣ ਕਾਰਨ, ਉਹ ਪਹਿਲਾਂ



Sri Satguru Jagjit Singh Ji eLibrary NamdhariElibrary@gmail.com

ਅਤੇ ਹੁਣ ਸੈਕੂਲਰ ਸਮਾਜ ਵਿਚ ਕਿਸੇ ਤਰ੍ਹਾਂ ਵੀ ਪ੍ਰਵਾਣਤ ਨਹੀਂ ਹੋ ਸਕਦਾ ? ਸਿਖ ਧਰਮ ਬਾਰੇ ਉਸ ਗ੍ਰੰਥ ਵਿਚ ਜੋ ਲਿਖਿਆ ਉਹ ਉੱਕਾ ਹੀ ਗਲਤ ਹੈ। ਹਵਾਲੇ ਨਿਰਾਧਾਰ ਦਿਤੇ ਹੋਏ ਹਨ, ਫਿਰ ਵੀ ਉਨ੍ਹਾਂ ਦੇ ਚੇਲੇ ਉਸ ਨੂੰ 'ਸੱਤ' ਆਖ ਕੇ ਪ੍ਰਚਾਰਦੇ ਆ ਰਹੇ ਹਨ, ਜਦੋਂ ਕਿ ਨਾ ਹੀ ਉਹ ਕਥਨ ਵਾਕਿਆਤੀ ਤੌਰ ਤੇ ਸੱਚ ਹੈ, ਨਾ ਇਤਿਹਾਸਕ ਤੌਰ ਤੇ, ਨਾ ਹੀ ਉਹ ਤੁਕਾਂ ਜੋ ਸਵਾਮੀ ਜੀ ਨੇ ਦਿਤੀਆਂ ਹਨ ਠੀਕ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਹਨ। ਵਾਧਾ ਇਕੋ ਹੈ ਕਿ ਸਮਾਵੀ ਜੀ ਦੇ ਚੇਲਿਆਂ ਨੇ ਉਨ੍ਹਾਂ ਦੇ ਨਾਂ ਉਪਰ ਸਕੂਲ ਕਾਲਜ ਖੋਹਲ ਕੇ ਉਹਨਾਂ ਦੀ ਪ੍ਰਤਿਭਾ ਜਰੂਰ ਵਧਾਈ ਹੈ ਅਤੇ ਭਾਈ ਦਿੱਤ ਸਿੰਘ ਜੀ ਦੇ ਹਮਜੋਲੀ ਉਹਨਾ ਪ੍ਰਤਿ ਅਜੇਹਾ ਕੁਝ ਨਹੀਂ ਕਰ ਸਕੇ ? ਇਸ ਵਿਚ ਗਿਆਨੀ ਜੀ ਦੀ ਵਡਿਆਈ ਘਟ ਨਹੀਂ ਜਾਂਦੀ, ਸਿਖਾਂ ਦੇ ਧਰਮ ਵਿਚ ਵਿਅਕਤੀਵਾਦ ਦਾ ਸਥਾਨ ਅਤੇ ਸਿਖਾਂ ਦੀ ਲਾਪ੍ਰਵਾਹੀ ਦਾ ਫਲ ਤਾਂ ਇਸ ਨੂੰ ਕਿਹਾ ਜਾ ਸਕਦਾ ਹੈ। ਭਾਈ ਦਿੱਤ ਸਿੰਘ ਜੀ ਦਾ ਇਸ ਵਿਚ ਕੋਈ ਕਸੂਰ ਨਹੀਂ, ਨਾ ਹੀ ਉਨ੍ਹਾਂ ਦੀ ਵਡਿਆਈ ਘਟਦੀ ਹੈ।

ਇਕ ਗੱਲ ਜੋ ਇਹ ਕਹੀ ਹੈ ਕਿ ਭਾਈ ਸਾਹਿਬ ਜੀ ਨਾਲ ਸਵਾਮੀ ਜੀ ਦੀ ਗੋਸ਼ਟ ਜਾਂ ਵਿਚਾਰ-ਚਰਚਾ ਹੋਣ ਜਾਂ ਉਹਨਾਂ ਦੇ ਸ਼ਾਸਤਾਰਥਾਂ ਬਾਰੇ ਸਾਧੂ ਜੀ ਦੇ ਜੀਵਨ, ਆਰੀਆ ਸਮਾਜੀਆਂ ਦੇ ਲਿਖੇ ਲੇਖਾ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ, ਇਸ ਲਈ ਇਹ ਗੱਲ ਗਲਤ ਹੈ। ਪਰ ਇਸ ਸੰਬਾਦ ਦੇ ਹੋਣ ਦੇ ਪ੍ਰਮਾਣ ਸਮਾਜੀਆਂ ਦੇ ਸਾਹਿਤ ਵਿਚ ਵੀ ਮਿਲਦੇ ਹਨ। ਇਹ ਠੀਕ ਹੈ ਜਦੋਂ ਵੀ ਕਿਸੇ ਵਿਅਕਤੀ ਨੂੰ ਮਹਾਂ ਪੁਰਖ ਜਾਂ ਅਵਤਾਰ ਬਣਾਇਆ ਜਾਂਦਾ ਹੈ ਤਾਂ ਉਸ ਦੀ ਹਰ ਪਾਸੇ ਜਿਤ ਜਿਤੇ ਹੀ ਦੱਸੀ ਜਾਂਦੀ ਹੈ, ਉਸ ਦੀ ਹਾਰ ਦਾ ਕੋਈ ਜ਼ਿਕਰ ਨਹੀਂ ਕੀਤਾ ਕਰਦਾ, ਜਿੱਤਾਂ ਦੇ ਵਰਣਨ ਵਧਾ ਚੜ੍ਹਾ ਕੇ ਕੀਤੇ ਜਾਇਆ ਕਰਦੇ ਹਨ। ਏਹੋ ਢੰਗ ਸੁਆਮੀ ਜੀ ਦੇ ਚੇਲਿਆਂ ਨੇ ਵਰਤਿਆ ਹੈ। ਭਾਵੇਂ ਦਬਵੀਂ ਜਬਾਨ ਨਾਲ ਹੀ, ਫਿਰ ਵੀ ਇਸ ਗੱਲ ਦੇ ਪ੍ਰਮਾਣ ਭਾਈ ਦਿੱਤ ਸਿੰਘ ਜੀ ਨਾਲ ਸਵਾਮੀ ਜੀ ਦੀ ਹੋਈ ਵਿਚਾਰ ਚਰਚਾ ਦਾ ਸੰਖੇਪ ਰੂਪ ਵਿਚ ਉਨ੍ਹਾਂ ਦੇ 'ਜੀਵਨ ਲੇਖਕਾਂ' ਨੇ ਪ੍ਰਵਾਨ ਕੀਤਾ ਹੈ।

ਭਾਈ ਦਿੱਤ ਸਿੰਘ ਜੀ ਨੇ ਆਪਣੀ ਪੁਸਤਕ 'ਸਾਧੂ ਦਯਾ ਨੰਦ ਨਾਲ ਮੇਰਾ ਸੰਬਾਦ' ਵਿਚ ਲਿਖਿਆ ਹੈ : ਜਦੋਂ ਉਹਨਾਂ ਦਾ ਸਵਾਮੀ ਜੀ ਨਾਲ ਤੀਜਾ ਸੰਬਾਦ, 'ਵੇਦ ਈਸ਼ਵਰ ਕ੍ਰਿਤ ਨਹੀਂ', ਇਸ ਵਿਸ਼ੇ ਤੇ ਹੋਇਆ ਸੀ ਤਾਂ ਗਿਆਨੀ ਜੀ ਨੇ


Sri Satguru Jagjit Singh Ji eLibrary NamdhariElibrary@gmail.com

ਸਾਧੂ ਨੂੰ ਜਦੋਂ ਨਿਰੁੱਤਰ ਕਰ ਦਿੱਤਾ, ਤਾਂ ਇਸ ਦਸ਼ਾ ਨੂੰ ਦੇਖ ਕੇ ਪੰਡਤ ਅਗਨੀ ਹੋਤਰੀ ਸ਼ਿਵ ਨਾਰਾਇਣ ਜੀ ਨੇ, ਜੋ ਪਿਛੋਂ ਸ਼ਾਇਦ ਬ੍ਰਹਮੂ ਸਮਾਜੀਆਂ ਦੇ ਮੁਖੀ ਬਣੇ, ਕਿਹਾ ਕਿ ਸਵਾਮੀ ਜੀ ਆਪ ਨੂੰ ਉੱਤਰ ਤਾਂ ਸੁਝ ਨਹੀਂ ਰਿਹਾ, ਐਵੇਂ ਟਾਲਾ ਵਾਲਾ ਕਰ ਰਹੇ ਹੋ। ਅਤੇ ਕੁਝ ਆਪਣੇ ਮੂੰਹੋਂ ਵਾਕ ਕਹੇ।

ਇਸ ਤੇ ਸਵਾਮੀ ਜੀ ਨੇ ਗਿਆਨੀ ਜੀ ਵਲੋਂ ਹਟ ਕੇ ਅਗਨੀ ਹੋਤਰੀ ਜੀ ਦੇ ਕਥਨ ਨੂੰ ਵਿਚ ਲਿਆ ਕੇ ਗੱਲ ਟਾਲਣੀ ਚਾਹੀ, ਤਾਂ ਗਿਆਨੀ ਦਿੱਤ ਸਿੰਘ ਜੀ ਨੇ ਜੋ ਸਵਾਮੀ ਜੀ ਦੀ ਅਜਿਹੀ ਪਲੱਥੇ ਬਾਜ਼ੀ ਤੋਂ ਜਾਣੂ ਸਨ, ਗੱਲ ਤਾੜ ਲਈ ਕਿ ਸਾਧੂ ਜੀ ਏਸ ਬਹਾਨੇ ਅਸਲ ਗੱਲ ਤੋਂ ਲਾਂਭੇ ਜਾਣ ਲਈ ਪੈਂਤੜਾ ਬਣਾ ਰਹੇ ਹਨ। ਗਿਆਨੀ ਜੀ ਨੇ ਕਿਹਾ, ਸਾਧੂ ਜੀ ਮਹਾਰਾਜ, ਇਨ੍ਹਾਂ ਨਾਲ ਫੇਰ ਗੱਲ ਕਰ ਲੈਣੀ, ਪਹਿਲਾਂ ਆਪਾਂ ਚਲ ਰਹੀ ਚਰਚਾ ਬਾਰੇ ਵਿਚਾਰ ਕਰ ਲਈਏ। ਗਿਆਨੀ ਜੀ ਲਿਖੀ ਅਸਲ ਵਾਰਤਾਲਾਪ ਇਸ ਤਰ੍ਹਾਂ ਹੈ :

"ਇਤਨੀ ਗੱਲ ਸੁਣ ਕੇ ਪੰਡਤ ਅਗਨੀ ਹੋਤਰੀ, ਜਿਸ ਦਾ ਨਾਉਂ ਉਸ ਸਮਯ ਸ਼ਿਵ ਨਾਰਾਇਣ ਸੀ ਅਰ ਅੱਜ ਕਲ੍ਹ ਜਿਸ ਨੂੰ ਲੋਗ ਸੱਤਯਾ ਨੰਦ ਅਗਨੀ ਹੋਤਰੀ ਸੱਦਦੇ ਹਨ, ਖੜੇ ਹੋ ਕੇ, ਬੋਲੇ ਕਿ ਸੁਆਮੀ ਜੀ ਨੇ ਇਨ੍ਹਾਂ ਦੇ ਕਥਨ ਦਾ ਉਤ੍ਰ ਨਹੀਂ ਦਿੱਤਾ ਕੇਵਲ ਟਾਲਾ ਵਾਲਾ ਕਰ ਰਹੇ ਹੋ, ਜਿਸ ਤੇ ਮੇਰੇ ਵਲੋਂ ਹਟ ਕੇ ਉਸ ਨਾਲ ਝਗੜ ਪਏ, ਅਰ ਗੁੱਸੇ ਹੋ ਕੇ ਕਹਿਨ ਲਗੇ ਕਿ ਤੈਨੂੰ ਕਯਾ ਖ਼ਬਰ ਹੈ ਜੋ ਇਸ ਨੇ ਕਿਆ ਆਖਯਾ ਹੈ ? ਜਿਸ ਪਰ ਉਸ ਨੇ ਕਿਹਾ ਕਿ ਮੈਂ ਜਾਣਦਾ ਹਾਂ ਜੋ ਇਨ੍ਹਾਂ ਨੇ ਕਿਹਾ ਹੈ ਅਰ ਉਸ ਦਾ ਆਪ ਨੇ ਉਤਰ ਦਿਤਾ ਹੈ, ਕਿੰਤੂ ਆਪ ਦਾ ਉਤਰ ਠੀਕ ਨਹੀਂ ਹੈ, ਇਸ ਪਰ ਬਹੁਤ ਗੁੱਸੇ ਹੋ ਗਏ ਅਰ ਉਨ੍ਹਾਂ ਨੂੰ ਆਖਣ ਲੱਗੇ ਕਿ ਤੁਸੀਂ ਦਸੋ ਜੋ ਇਸ ਨੇ ਕਯਾ ਕਿਹਾ ਹੈ ਅਰ ਮੈਂ ਉਸ ਦਾ ਕਿਆ ਉਤਰ ਦਿਤਾ ਹੈ।

"ਜਦ ਇਹ ਝਗੜਾ ਹੋਰ ਵੀ ਛਿੜ ਪਿਆ ਤਦ ਮੈਂ ਕਿਹਾ ਕਿ ਸੁਆਮੀ ਜੀ ਆਪ ਇਨ੍ਹਾਂ ਨਾਲ ਨਾ ਝਗੜੋ ਕਿਉਂਕਿ ਉਤਰ ਪ੍ਰਸ਼ਨ ਤਾਂ ਮੇਰਾ ਅਰ ਆਪ ਦਾ ਹੈ। ਸੋ ਜੋ ਆਪ ਦਾ ਸਿਧਾਂਤ ਹੈ ਸੁ ਮੈਨੂੰ ਆਖੋ, ਜਿਸ ਪਰ ਏਹੋ ਬੋਲੇ ਕਿ ਅਸੀਂ ਤਾਂ ਆਖਣਾ ਸੀ ਸੋ ਆਖ ਦਿੱਤਾ, ਜਿਸ ਪਰ ਮੈਂ ਕਿਹਾ ਕਿ ਆਪ ਕੁਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰਕੇ ਦਿਖਾਂ ਦਿਤਾ ਹੈ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ।

"ਇਤਨੇ ਝਗੜੇ ਪਰ ਚਾਰੇ ਪਾਸਿਆਂ ਤੇ ਤਾਲ੍ਹਆਂ ਵੱਜ ਪਈਆਂ ਅਰ ਸਭ

ਬੋਲ ਉਠੇ ਕਿ ਸਾਧੂ ਨੂੰ ਉਤਰ ਦੇਣਾ ਨਹੀਂ ਆਇਆ। ਜਿਸ ਪਰ ਸੰਧਯਾ ਪੈ ਗਈ ਅਰ ਸਭ ਖਲਕਤ ਆਪੋ ਆਪਨੇ ਘਰਾਂ ਨੂੰ ਚਲੀ ਗਈ ਅਤੇ ਅਸੀਂ ਭੀ ਵੱਡੇ ਆਨੰਦ ਪੂਰਬਕ ਅਪਨੇ ਮਕਾਨ ਪਰ ਆਏ।"

ਇਸੇ ਵਿਰਤਾਂਤ ਨੂੰ ਕੁਝ ਬਦਲਵੇਂ ਢੰਗ ਨਾਲ ਸਵਾਮੀ ਜੀ ਦੇ ਜੀਵਨ ਲੇਖਕਾਂ ਜਿਸ ਤਰ੍ਹਾਂ ਦਿਤਾ ਹੈ, ਅਸੀਂ ਬੇਨਤੀ ਕਰਦੇ ਹਾਂ ਕਿ ਸ਼ੰਕਾ ਗ੍ਰਸਤ ਸੱਜਣ, ਆਰਯਾ ਸਮਾਜ, ਨਯਾ ਬਾਸ, ਦਿੱਲੀ-੬ ਦਾ ਛਪਿਆ ਹੋਇਆ ਗ੍ਰੰਥ "ਮਹਾਂਰਿਸ਼ੀ ਸਵਾਮੀ ਦਯਾ ਨੰਦ ਸਰਸਵਤੀ ਕਾ ਜੀਵਨ ਚਰਿਤ੍ਰ" ਪੰਡਤ ਲੇਖ ਰਾਮ ਦਵਾਰਾ ਲਿਖਤ ਹਿੰਦੀ ਅਨੁਵਾਦ ਦਾ ਸਫਾ ੩੪੭ ਤੇ ੩੪੮ ਪੜ੍ਹਨ ਦੀ ਕ੍ਰਿਪਾਲਤਾ ਕਰਨ, ਜਿਸ ਵਿਚ ਏਸ ਵਾਰਤਾਲਾਪ ਨੂੰ ਇਸ ਤਰ੍ਹਾਂ ਲਿਖ ਕੇ ਪ੍ਰਵਾਨ ਕੀਤਾ ਗਿਆ ਹੈ :

"ਏਕ ਦਿਨ ਕੀ ਬਾਤ ਹੈ ਕਿ ਭਾਈ ਦਿੱਤ ਸਿੰਘ ਸਵਾਮੀ ਜੀ ਸੇ ਵੇਦਾਂਤ ਮਤ ਪਰ ਸ਼ਾਸਤ੍ਰਾਰਥ ਕਰ ਰਹੇ ਥੇ ਔਰ ਅਗਨੀ ਹੋਤਰੀ ਜੀ ਭੀ ਉਸ ਸਮਯ ਵਹਾਂ ਉਪਸਥਿਤ ਥੇ। ਸ਼ਾਸਤ੍ਰਾਰਥ ਕੇ ਬੀਚ ਮੇਂ ਪੰਡਿਤ ਸ਼ਿਵ ਨਾਰਾਇਣ ਜੀ ਬੋਲ ਉਠੇ ਕਿ ਸਵਾਮੀ ਜੀ ਕੋ ਉਤਰ ਨਹੀਂ ਆਇਆ ਔਰ ਵੋਹ ਹਾਰ ਗਏ ਹੈਂ। ਇਸ ਪਰ ਸਵਾਮੀ ਜੀ ਨੇ ਪੰਡਤ ਜੀ ਸੇ ਪੂਛਾ ਕਿ ਭਲਾ ਆਪ ਬਤਾਈਏ ਕਿ ਹਮ ਨੇ ਕਿਆ ਕਹਾ ?

ਪੰਡਤ ਜੀ ਕੁਛ ਭੀ ਨਹੀਂ ਬਤਾ ਸਕੇ।

ਤਬ ਸਵਾਮੀ ਜੀ ਨੇ ਭਾਈ ਦਿੱਤ ਸਿੰਘ ਜੀ ਸੇ ਪੂਛਾ ਕਿ ਕਿਉਂ ਕਿਆ ਹਮ ਨੇ ਯਹੀ ਕਹਾ ਥਾ ?

ਭਾਈ ਦਿੱਤ ਸਿੰਘ ਨੇ ਕਹਾ, "ਨਹੀਂ, ਆਪ ਨੇ ਯਹ ਨਹੀਂ ਕਹਾ। ਪੰਡਤ ਜੀ ਨੇ ਕੁਛ ਨਹੀਂ ਸੁਨਾ।"

ਫਿਰ ਸਵਾਮੀ ਜੀ ਨੇ ਪੰਡਤ ਜੀ ਸੇ ਪੂਛਾ, ਭਲਾ ਬਤਾਈਏ ਤੋ ਸਹੀ ਕਿ ਭਾਈ ਦਿੱਤ ਸਿੰਘ ਨੇ ਕਿਆ ਕਹਾ ਥਾ ?

ਪੰਡਤ ਸ਼ਿਵ ਨਾਰਾਇਣ ਨੇ ਕੁਛ ਬਤਾਯਾ।

ਭਾਈ ਦਿੱਤ ਸਿੰਘ ਨੇ ਕਹਾ ਕਿ ਯਹ ਮੈਂ ਨੇ ਨਹੀਂ ਕਹਾ ਥਾ। ਉਸ ਸਮਯ ਸਵਾਮੀ ਜੀ ਨੇ ਪੰਡਤ ਸ਼ਿਵ ਨਾਰਾਇਣ ਸੇ ਕਹਾ ਕਿ ਆਪ ਬਿਨਾਂ ਸੋਚੇ ਸਮਝੇ ਸੰਮਤੀ ਦੇ ਦੇਤੇ ਹੈਂ। ਇਸ ਪਰ ਪੰਡਤ ਜੀ ਕਰੁਦਧ ਹੋ ਗਏ (ਭਾਈ ਦਿੱਤ ਸਿੰਘ ਜੀ ਨੇ ਭੀ ਇਸ ਵਕਤਵਯ ਕੀ ਪੁਸ਼ਟੀ ਕੀ)।

[੩੪੭, ਜੀਵਨ ਸਵਾਮੀ ਦਯਾ ਨੰਦ ਜੀ]

ਸਪੱਸ਼ਟ ਹੈ ਕਿ ਇਹ ਸੰਬਾਦ ਇਤਿਹਾਸਕ ਸਚਾਈ ਹੈ ਅਤੇ ਨਾਲ ਹੀ ਛਿੱਥੇ ਪੈ ਕੇ ਹਾਰ ਜਾਣਾ ਵੀ।

ਭਾਈ ਦਿੱਤ ਸਿੰਘ ਜੀ ਨੇ ਇਸ ਕਥਨ ਦੀ ਜਿਸ ਢੰਗ ਨਾਲ ਪੁਸ਼ਟੀ ਕੀਤੀ, ਉਪਰੋਕਤ ਲਿਖਤ ਵਿਚ ਉਹ ਆ ਚੁਕਿਆ ਹੈ ਕਿ ਭਾਈ ਸਾਹਿਬ ਜੀ ਸਵਾਮੀ ਜੀ ਨੂੰ ਅਗਨੀ ਹੋਤਰੀ ਜੀ ਨਾਲ ਉਲਝਣ ਤੋਂ ਬਚਾ ਕੇ ਆਪਣੇ ਨਾਲ ਵਿਚਾਰ ਚਰਚਾ ਲਾਈ ਰੱਖਣਾ ਚਾਹੁੰਦੇ ਸਨ, ਜਿਸ ਤੋਂ ਸਵਾਮੀ ਜੀ ਕੰਨੀ ਕਤਰਾਉਂਦੇ ਸਨ। ਭਾਵੇਂ ਸਵਾਮੀ ਜੀ ਦੇ ਜੀਵਨ ਲੇਖਕ ਨੇ ਸਪੱਸ਼ਟ ਤੌਰ ਤੇ ਨਹੀਂ ਮੰਨਿਆ, ਪਰ ਇਹ ਨੁਕਤਾ ਸਪੱਸ਼ਟ ਹੈ ਕਿ ਸਵਾਮੀ ਜੀ ਨਾਲ ਭਾਈ ਸਾਹਿਬ ਜੀ ਦੀ ਵਿਚਾਰ ਚਰਚਾ ਹੋਈ ਸੀ ਅਤੇ ਉਹਨਾਂ ਨੂੰ ਕੋਈ ਜਵਾਬ ਗਿਆਨੀ ਜੀ ਦੇ ਉੱਤਰ ਦਾ ਨਾ ਮਿਲਣ ਕਰ ਕੇ ਅਗਨੀ ਹੋਤਰੀ ਜੀ ਨੇ ਕਿਹਾ ਸੀ ਕਿ ਸਵਾਮੀ ਜੀ ਆਪ ਹਾਰ ਗਏ ਹੋ। ਇਸੇ ਜਿੱਤ ਹਾਰ ਦਾ ਪ੍ਰਸੰਗ ਗਿਆਨੀ ਜੀ ਦਾ ਆਪਣਾ ਲਿਖਿਆ ਹੋਇਆ "ਮੇਰਾ ਤੇ ਸਾਧੂ ਦਯਾ ਨੰਦ ਸੰਬਾਦ" ਦੇ ਰੂਪ ਵਿਚ ਆਪ ਜੀ ਦੇ ਹੱਥਾਂ ਵਿਚ ਹੈ। ਇਸ ਆਰੀਆ ਸਮਾਜੀਆਂ ਦੇ ਲਿਖੇ ਗ੍ਰੰਥ ਵਿਚੋਂ ਸਬੂਤ ਦੇ ਹੁੰਦਿਆਂ ਕੋਈ ਇਹ ਨਹੀਂ ਆਖ ਸਕਦਾ ਕਿ ਭਾਈ ਸਾਹਿਬ ਜੀ ਅਤੇ ਸਵਾਮੀ ਜੀ ਵਿਚਕਾਰ ਬਹਿਸ ਹੀ ਨਹੀਂ ਹੋਈ ਸੀ।

ਇਸ ਪੁਸਤਕ ਦੀ ਮੰਗ ਵਧੇਰੇ ਹੋਣ ਕਾਰਨ ਇਸ ਨੂੰ ਹੁਣ ਮੁੜ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਆਸ਼ਾ ਹੈ ਪ੍ਰੇਮੀ ਜਨ ਲਾਭ ਉਠਾਉਣਗੇ ਅਤੇ ਆਪ ਜੀ ਦੇ ਲਿਖਤ ਸਾਹਿਤ ਨੂੰ ਪੁਨਰ ਪ੍ਰਕਾਸ਼ਨ ਵਿਚ ਸਹਾਇਤਾ ਬਖਸ਼ਣਗੇ। ਜਿਸ ਵਿਚੋਂ ਬਹੁਤ ਸਾਰੀਆਂ ਰਚਨਾਵਾਂ ਨੇ ਹਾਲਾਂ ਛਾਪੇ ਦਾ ਜਾਮਾ ਵੀ ਧਾਰਨ ਨਹੀਂ ਕੀਤਾ।

**ਗੁਰਦਿਤ ਸਿੰਘ ਗਿਆਨੀ**
ਜਨਰਲ ਸਕੱਤਰ
ਕੇਂਦਰੀ ਸ੍ਰੀ ਗੁਰੂ ਸਿੰਘ ਸਭਾ

Sri Satguru Jagjit Singh Ji eLibrary NamdhariElibrary@gmail.com

# ਪੰਡਤ ਦਯਾਨੰਦ ਨਾਲ ਮੇਰਾ ਸੰਬਾਦ

ਦੋਹਿਰਾ—ਧਨੁਖ ਬਾਣ ਪੁਨ ਤਾਜ ਸਿਰ ਜਿਹ ਕਰ ਸੁਕਲੋ ਬਾਜ।
ਸੋ ਮੇਰੀ ਰੱਖਯਾ ਕਰੇਂ ਕਲਗੀਧਰ ਮਹਾਰਾਜ ॥੧॥
ਸੱਤ ਕਹਾਂ ਮੁਖ ਤੇ ਸਭੀ ਪੁਨ ਜੋ ਲਿਖਾਂ ਸੁ ਸੱਤ।
ਪਾਖੰਡ ਜਾਲ ਖੰਡਨ ਵਿਖੇ ਸਬਲ ਹੋਇ ਮਮ ਮੱਤ ॥੨॥
ਦਿਆਨੰਦ ਸਾਧੂ ਸਹਿਤ ਜੋ ਮੈਂ ਕੀਨੀ ਗਾਥ।
ਸੋ ਸਭ ਪਰਗਟ ਕਰ ਕਹਾਂ ਮਨ ਅਨੰਦ ਕੇ ਸਾਥ ॥੩॥
ਅੱਜ ਕੱਲ ਓਸ ਨੂੰ ਕਹਨ ਪੁਰਖ ਅਦੁਤੀ ਮਹਾਨ ॥
ਮਹਾਂ ਰਿਖੀ ਵਿੱਦਯਾ ਧਨੀ ਕਰਕੇ ਲੋਗ ਬਖਾਨ ॥੪॥
ਮਰੇ ਬਾਬੇ ਦੀ ਅੱਖੀਆਂ ਕਰਦੇ ਵੱਡੀਆਂ ਚਾਇ।
ਆਖਨ ਉਸ ਸਮ ਦੂਸਰਾ ਕੋਇ ਨ ਨਜ਼ਰੀ ਆਇ ॥੫॥

ਦ੍ਵੈਯਾ—ਚੇਲੇ ਅੜੇ ਮੁਰੀਦਾਂ ਉਸਦਯਾਂ ਦਾ ਅਸਨਾਨ ਚੜ੍ਹਾਇਆ।
ਕੱਚ ਚਮਕਦੇ ਨੂੰ ਕਰ ਲੈਕਰ ਹੀਰਾ ਚੁਕ ਬਨਾਇਆ ॥
ਆਖਨ ਉਸ ਦੇ ਜੋੜਾ ਨਾ ਸੀ ਜਗ ਵਿੱਚ ਪੰਡਤ ਕੋਈ।
ਭਾਰਤ ਭੂਮੀ ਦੀ ਗਤਿ ਮੁੜ ਕੇ ਓਸੇ ਕੋਲੋਂ ਹੋਈ ॥੬॥
ਨਹੀਂ ਅਸੀਂ ਸਾਂ ਕਿਥੇ ਰਹਿਣਾ ਤੁਰਤ ਈਸਾਈ ਹੁੰਦੇ।
ਈਸਾ ਮਤ ਦੇ ਜੋ ਦਰਵਾਜ਼ੇ ਸੋ ਸਭ ਸੁਆਮੀ ਮੁੰਦੇ।
ਸਾਡੇ ਖਾਤਰ ਪਰਮੇਸ਼ੁਰ ਨੇ ਸੀ ਉਸ ਦੇ ਤਾਈਂ ਘੱਲਿਆ।
ਓਹੋ ਵੈਦਕ ਧਰਮ ਜਿਸ ਨੇ ਜਾਂਦਾ ਮੁੜ ਠੱਲਿਆ ॥੭॥
ਏਹੋ ਜੇਹੇ ਮਾਰ ਗਪੌੜੇ ਲੋਕਾਂ ਨੂੰ ਭਰਮਾਇਆ।



Sri Satguru Jagjit Singh Ji eLibrary NamdhariElibrary@gmail.com

ਦੇਖੋ ਦੇਖੀ ਫਸ ਗਏ ਕਿਤਨੇ ਭੇਡ ਚਾਲ ਦਾ ਸਾਇਆ।
ਏਸ ਦੇਸ ਦੀ ਮਿੱਟੀ ਵਿਚ ਕੁਛ ਹੈ ਇਹ ਮੂਰਖਤਾਈ।
ਜਣੇ ਖਣੇ ਨੂੰ ਰੱਬ ਬਣਾਉਨ ਪੂਜਨ ਹੋਇ ਸੁਦਾਈ॥੮॥
ਪਰ ਇਹ ਉਸ ਨੂੰ ਰੱਬ ਨ ਆਖਨ ਨਾ ਅਵਤਾਰ ਬਣਾਉਨ।
ਭੇਜਿਆ ਰੱਬ ਅਸਾਂਛੇ ਕਾਰਨ ਇਤਨੀ ਗੱਲ ਸੁਣਾਉਨ॥
ਕੋਈ ਉਸ ਨੂੰ ਗੁਰੂ ਬਨਾਵੇ ਕੋਈ ਆਖੇ ਭਾਈ।
ਅਜੇ ਤੀਕ ਉਸ ਤਾਈਂ ਪਦਵੀ ਹੱਥ ਨ ਇਨ ਕੇ ਆਈ॥੯॥
ਕੋਈ ਆਖੇ ਉਸ ਦਾ ਲਿਖਯਾ ਪੱਥਰ ਲੀਕ ਉਚਾਰੋ।
ਦੂਜਾ ਕਹੇ ਨਹੀਂ ਜੋ ਮਿੱਥਯਾ ਸੋ ਸਭ ਤਿਆਗ ਵਿਚਾਰੋ।
ਇਸੇ ਤਰ੍ਹਾਂ ਦਾ ਵਿਚ ਇਨ੍ਹਾਂ ਦੇ ਹਯਾ ਝੰਬੇਲਾ ਭਾਰਾ॥
ਅਜੇ ਤੀਕ ਇਸ ਘੁੰਮਨ ਘੇਰੋਂ ਕੀਤਾ ਨਹੀਂ ਕਨਾਰਾ॥੧੦॥
ਅੱਜ ਕੱਲ ਜੋ ਉਸ ਸਾਧੂ ਨੂੰ ਮੰਨਨ ਸਾਡੇ ਪਯਾਰੇ।
ਅਰ ਜੋ ਲੇਖ ਓਸਦੇ ਮਗਰੋਂ ਪੰਚਮ ਬੇਦ ਉਚਾਰੇ॥
ਸੋ ਸਾਰਾ ਮੈਂ ਅੱਖੀਂ ਦੇਖਿਯਾ ਅਰ ਬੀਤਿਆ ਬਤਲਾਊਂ।
ਏਸ ਵਹਮ ਦੇ ਖਾਤੇ ਗਿਰਦਿਆਂ ਭੋਲੇ ਜਨਾਂ ਬਚਾਊਂ॥੧੦॥

ਦੋਹਿਰਾ—ਨਾਲ ਮੁੱਝ ਦੇ ਉਸ ਦਾ ਜੋ ਕੁਛ ਭਇਆ ਬਲਾਸ।
ਸੋ ਸਾਰਾ ਮੈਂ ਦੱਸ ਸਾਂ ਧਰ ਮਨ ਅਧਿਕ ਹੁਲਾਸ॥੧੧॥

**ਭਾਵ**—ਪਿਆਰੇ ਦੇਸ ਵਾਸੀ ਸੱਜਨੋਂ ਮੈਂ ਇਸ ਪੁਸਤਕ ਦੇ ਕਥਨ ਵਿਚ ਕਦੇ ਭੀ ਪ੍ਰਵਿਰਤ ਨਾ ਹੁੰਦਾ ਜੇ ਮੈਂ ਜਾਨਦਾ ਕਿ ਇਸ ਦੇਸ ਦੇ ਲੋਗ ਜੈਸੀ ਵਸਤੂ ਨੂੰ ਓਸੀ ਕਹਨ ਦਾ ਮਾਦਾ ਰਖਦੇ ਹਨ, ਪ੍ਰੰਤੂ ਜਦ ਮੈਂ ਦੇਖਿਆ ਕਿ ਇਨਾਂ ਹਿੰਦੂ ਲੋਗਾਂ ਵਿਚ ਇਕ ਅੱਗਯਾਨ ਦੀ ਅੰਧੇਰੀ ਨਸਲ ਦਰ ਨਸਲ ਚਲੀ ਆਉਂਦੀ ਹੈ ਜੋ ਕਾਉਂ ਅਤੇ ਸੱਪਾਂ ਨੂੰ ਭੀ ਪਿਤ੍ਰ ਅਰ ਦੇਵਤੇ ਜਾਨਣ ਵਾਲੀ ਹੈ ਇਸੀ ਤੇ ਸੁਆਮੀ ਦਯਾਨੰਦ ਜੈਸੇ ਪੁਰਖ ਨੂੰ ਭੀ ਇਨ੍ਹਾ ਲੋਗਾਂ ਨੇ ਹੁਣ ਮਨੂ, ਬਸ਼ਿਸ਼ਟ, ਬਿਆਸ ਅਤੇ ਸ਼ੰਕਰ ਵਧਕੇ ਤੋਂ ਅਪਨਾ ਮਹਾਂ ਰਿਸੀ ਮੰਨਨਾਂ ਧਰਮ


Sri Satguru Jagjit Singh Ji eLibrary NamdhariElibrary@gmail.com

ਜਾਨ ਲੀਤਾ ਹੈ, ਇਸੀ ਤਰ੍ਹਾਂ ਉਸੇ ਦੇ ਲਿਖਣੇ ਅਨੁਸਾਰ ਗੁਰੂਆਂ ਨੂੰ ਭੀ "ਦੰਭੀ" ਜਾਨਕੇ ਉਸ ਨੂੰ ਉਪਕਾਰੀ ਧਰਮ ਪ੍ਰਚਾਰੀ ਆਖਨ ਲੱਗ ਗਏ ਹਨ, ਤਦ ਮੇਰੇ ਦਿਲ ਨੇ ਧੀਰਜ ਨਾ ਕੀਤੀ ਅਰ ਚਾਹਿਆ ਕਿ ਉਸਦਾ ਓਹ ਹਾਲ ਜੋ ਮੇਰੇ ਨਾਲ ਸ਼ਾਸਤ੍ਰਾਰਥ ਕਰਦੇ ਹੋਇਆ ਸਾ, ਪ੍ਰਗਟ ਕਰ ਦਿਆਂ ॥

ਇਹ ਬਾਤ ਹੋਰ ਹੈ ਕਿ ਉਸਦੇ ਭਗਤ ਲੋਗ ਜੋ ਪੱਕੇ ਹਠੀ ਹਨ ਯਾ ਉਹ ਨੌਜਵਾਨ ਲੜਕੇ ਜੋ ਉਸ ਵੇਲੇ ਜੰਮੇਂ ਹੀ ਨਹੀਂ ਸਨ ਯਾ ਅਲਫ, ਬੇ ਅਤੇ ਏ, ਬੀ, ਸੀ ਪੜ੍ਹਦੇ ਸਨ ਮੇਰੀ ਸੱਚੀ ਬਾਤ ਨੂੰ ਨਾ ਮੰਨਨ ਪ੍ਰੰਤੂ ਅਜੇ ਤਕ ਉਹ ਲੋਗ ਜ਼ਿੰਦਾ ਹਨ ਜਿਨ੍ਹਾਂ ਨੇ ਮੇਰਾ ਅਤੇ ਉਨ੍ਹਾਂ ਦਾ ਉੱਤ੍ਰ ਪ੍ਰਸ਼ਨ ਸੁਨਿਆ ਸਾ, ਜਿਸ ਤੇ ਆਸ਼ਾ ਹੈ ਕਿ ਉਹ ਜ਼ਰੂਰ ਪਰਮੇਸ਼ੂਰ ਨੂੰ ਹਾਜ਼ਿਰ ਨਾਜ਼ਿਰ ਜਾਨਕੇ ਉਸ ਸਮਯ ਦੀ ਬਾਤ ਨੂੰ ਸੱਚੀ ਕਰਨਗੇ ॥

ਮੇਰਾ ਉੱਤ੍ਰ ਪ੍ਰਸ਼ਨ ਉਨ੍ਹਾਂ ਨਾਲ ਤਿੰਨ ਵੇਰ ਲਾਹੌਰ ਵਿਚ ਹੋਇਆ ਹੈ: ਜਿਸ ਦਾ ਹਾਲ ਮੈਂ ਜੋ ਉਸ ਵੇਲੇ ਲਿਖ ਲੀਤਾ ਸਾ ਯਾ ਯਾਦ ਰਖਯਾ ਸਾ ਲਿਖਕੇ ਦੱਸਦਾ ਹਾਂ।

**ਦੋਹਿਰਾ**—ਇਸ ਤੇ ਪਹਿਲੇ ਹਾਲ ਮੈਂ ਅਪਨਾਂ ਦੱਸਾਂ ਕੁੱਝ ॥
ਜਿਸ ਤੇ ਸੁਨਦੇ ਸਾਰ ਹੀ ਸੰਸਾ ਜਾਊ ਬੁੱਝ ॥੧੨॥
ਜਨਮ ਲਿਆ ਮੈਂ ਸੰਤ ਘਰ ਜੋ ਕਰਦੇ ਉਪਦੇਸ਼ ॥
ਜਿਸ ਤੇ ਬਾਲਕ ਉਮਰ ਮਹਿੰ ਮੈਂ ਭੀ ਹਰੇ ਕਲੇਸ਼ ॥੧੩॥

**ਭਾਵ**—ਇਸ ਬਾਤ ਨੂੰ ਹਰ ਇਕ ਪੁਰਖ ਜਾਨਦਾ ਹੈ ਕਿ ਮੇਰਾ ਜਨਮ ਸੰਤਾਂ ਦੇ ਘਰ ਵਿਚ ਹੋਇਆ ਸੀ ਅਰ ਮੇਰੇ ਪਿਤਾ ਜੀ ਲੋਗਾਂ ਨੂੰ ਏਹੋ ਉਪਦੇਸ਼ ਕਰਦੇ ਸਨ ਜੋ ਅੱਜ ਕੱਲ ਮੈਂ ਕਰ ਰਿਹਾ ਹਾਂ, ਜਿਸ ਦੇ ਪ੍ਰਤਾਪ ਕਰਕੇ ਮੈਣਦੂਆਬ ਦੇ ਨਗਰਾਂ ਦੇ ਨੱਗ੍ਰ ਬੰਧਨਾਂ ਤੇ ਛੁੱਟ ਗਏ ਸਨ, ਅਤੇ ਅੱਜ ਤਕ ਉਹ ਲੋਗ ਉਸੇ ਤਰ੍ਹਾਂ ਨਿਰਬੰਧ ਹਨ, ਪਰੰਤੂ ਇਹ ਸਾਰਾ ਹਾਲ ਕਦੇ ਅਪਨੇ ਜੀਵਨ ਬ੍ਰਿਤਾਂਤ

ਵਿਚ ਲਿਖਾਂ ਗਾ ॥

ਮੈਂ ਅੱਠ ਨੌ ਸਾਲ ਦੀ ਉਮਰਾ ਵਿੱਚ ਹੀ ਅਪਨੇ ਪਿਤਾ ਜੀ ਦੇ ਪਾਸੋਂ ਜੁਦਾ ਹੋ ਕੇ ਉਪਦੇਸ਼ ਕਰਨ ਲੱਗਾ ਅਰ ਜਿਸ ਨੱਗ੍ਰ ਜਾਂਦਾ ਓਥੇ ਹੀ ਮੜ੍ਹੀ, ਮਸਾਣੀ, ਭੈਰੋਂ, ਦੇਵੀ ਦੇਵਤੇ ਪੂਜਨੇਂ ਲੋਕਾਂ ਨੂੰ ਹਟਾ ਕੇ ਵੇਦਾਂਤ ਦਾ ਉਪਦੇਸ਼ ਕਰਦਾ ਹੁੰਦਾ ਸਾਂ। ਇਸਦੇ ਨਾਲ ਹੀ ਜਿੱਥੇ ਕੋਈ ਗੁਣੀ ਪੰਡਤ ਯਾ ਸਾਧੂ ਦੇਖਦਾ ਉਸ ਦੇ ਪਾਸ ਕੁਛ ਮਹੀਨੇ ਰਹਕੇ ਵਿੱਦਯਾ ਪੜ੍ਹਦਾ, ਜਿਸ ਪਰ ਸ਼ਾਸਤ੍ਰਾਰਥ ਕਰਨ ਦਾ ਮੈਨੂੰ ਅੱਛਾ ਢੰਗ ਆ ਗਿਆ ਸਾ ਅਤੇ ਵੱਡੇ ਵੱਡੇ ਪ੍ਰਸਿੱਧ ਪੰਡਤਾਂ ਅਤੇ ਸਾਧੂਆਂ ਨਾਲ ਕਈ ਕਈ ਦਿਨ ਧਰਮ ਦੇ ਵਿਸ਼ਯ ਪਰ ਵਿਚਾਰ ਕਰਦਾ ਰਹਿੰਦਾ ਸਾਂ, ਇਸ ਵਾਸਤੇ ਉਸ ਦੇਸ ਵਿਚ ਮੈਂ ਲੋਕਾਂ ਵਿਖੇ ਗਯਾਨੀ ਪ੍ਰਸਿੱਧ ਹੋ ਗਿਆ ਸਾਂ ਅਤੇ ਬਹੁਤ ਲੋਗ ਮੈਨੂੰ ਆਪਣੇ ਮਨੋਂ ਪਰਤਿਸ਼ਟਤ ਸਮਝਦੇ ਸਨ ॥

ਉਸ ਸਮਯ ਦਾ ਥੋੜਾ ਜੇਹਾ ਹਾਲ ਮੇਰੇ ਉਸ ਨਿੰਦਯਾ ਪੱਤ੍ਰ ਵਿਚ, ਜੋ ਮੋਨਾ ਸ਼ੁਧੀ ਦੇ ਪਰਚਾਰ ਹਟਾਉਨ ਵੇਲੇ ਮੇਰੇ ਪਰ ਤੰਗ ਆ ਕੇ ਅੰਨਮਤੀ ਭਾਈਆਂ ਨੇ ਮੇਰੇ ਹੀ ਭਾਈਆਂ ਤੇ ਛਪਵਾਕੇ "ਧਰਮ ਚਿਹਰੇ" ਨਾਮ ਰੱਖ ਕੇ ਵੰਡੇ ਸਨ, ਪਾਇਆ ਜਾਂਦਾ ਹੈ ॥

ਏਥੇ ਇਤਨਾ ਆਖਨਾ-ਭੀ ਕੋਈ ਬੁਰਾ ਨਹੀਂ ਹੈ ਕਿ ਆਰੀਯਾ ਸਮਾਜੀ ਸੱਜਨਾਂ ਦਾ ਇਹ ਪ੍ਰਕ੍ਰਿਤਕ ਸੁਭਾਵ ਹੈ ਕਿ ਜਦ ਕਿਸੇ ਨਾਲ ਸ਼ਾਸਤ੍ਰਾਰਥ ਅਤੇ ਉਕਤੀ ਯੁਕਤੀ ਨਾਲ ਪੂਰੇ ਨਹੀਂ ਉਤ੍ਰਦੇ ਤਦ ਉਸ ਨਾਲ ਨਿੰਦਯਾ ਅਤੇ ਬੁਰਾ ਭਲਾ ਆਖਨ ਦਾ ਕੰਮ ਕਰਨ ਲੱਗ ਜਾਂਦੇ ਹਨ, ਜਿਸ ਤੇ ਇਹ ਖਯਾਲ ਕਰਦੇ ਹਨ ਕਿ ਲੋਗ ਉਸ ਨੂੰ ਬੁਰਾ ਜਾਨਕੇ ਨਫਰਤ ਕਰਨਗੇ :

ਇਸੇ ਵਾਸਤੇ ਮੇਰੇ ਨਾਲ ਭੀ ਏਹੋ ਵਰਤਾਉ ਹੋਇਆ, ਅਤੇ ਜਿਸ ਪਰਕਾਰ ਮੁਰਗਬਾਜ ਦੋ ਭਾਈ ਮੁਰਗਿਆ ਨੂੰ ਜਦ ਲੜਾਉਨਾ ਚਾਹੁੰਦੇ ਹਨ ਤਦ ਇਹ ਸਮਝ ਕੇ ਇਹ ਭਾਈ ਹੋਨ ਦੇ ਕਾਰਨ ਨਹੀਂ ਲੜਨਗੇ ਉਨ੍ਹਾਂ ਵਿਚੋਂ ਇਕ ਦੇ ਮੱਥੇ ਨੂੰ ਸਿਆਹੀ ਲਾ ਦੇਂਦੇ



Sri Satguru Jagjit Singh Ji eLibrary NamdhariElibrary@gmail.com

ਹਨ ਜਿਸ .ਪਰ ਉਹ ਇਕ ਦੂਜੇ ਨੂੰ ਓਪਰਾ ਜਾਨਕੇ ਲੜਨ ਲੱਗ ਜਾਂਦੇ ਹਨ ਅਰ ਮੁਰਗ਼ਬਾਜ਼ ਤਮਾਸ਼ਾ ਦੇਖਦੇ ਹਨ।

ਇਸੇ ਤਰ੍ਹਾਂ ਇਨ੍ਹਾਂ ਨੇ ਸਾਡੇ ਭਾਈਆਂ ਨੂੰ ਭੀ ਤਾਰੀਫ ਅਤੇ ਲਾਲਚ ਦੀ ਰੰਗਤ ਨਾਲ ਰੰਗ ਕੇ ਮੋਨਾ ਸ਼ੁੱਧੀ ਪਰਚਾਰ ਕਰਨਾ ਚਾਹਿਆ ਸਾ ਜਿਸ ਨੂੰ ਦੇਖਕੇ ਅਸੀਂ ਰੋਕਨ ਲੱਗੇ ਅਤੇ ਦੋਨਾਂ ਭਾਈਆਂ ਖੂਬ ਲੜਾਈ ਹੋਈ ਅਤੇ ਇਕ ਦੂਜੇ ਦੇ ਐਬ ਅਪਨੇ ਦੁਰਬਚਨਾਂ ਦੀ ਖਾਰਾਂ ਮਾਰਕੇ ਘਾਵਾਂ ਦੀ ਨਿਆਈ ਪ੍ਰਗਟ ਕੀਤੇ, ਜਿਸ ਤੇ ਓਹੋ ਘਾਉ ਮੇਰੇ ਇਸ ਵੇਲੇ ਗੁਵਾਹ ਹੋ ਗਏ ਹਨ, ਜੋ ਦੱਸਦੇ ਹਨ ਕਿ ਮੈਂ ਬਚਪਨ ਵਿਚ ਕਜਾ ਕੰਮ ਕਰਦਾ ਹੁੰਦਾ ਸਾਂ ਅਤੇ ਲੋਗਾਂ ਦੀ ਮੇਰੇ ਨਾਲ ਕੈਸੀ ਪ੍ਰੀਤੀ ਸੀ, ਯਥਾ :—

## ਜ਼ਮੀਨਾਂ ਸ਼ੁੱਧੀ ਪੱਤ੍ਰ ਦੇ ਚੇਰਿਆਂ ਪਰ ਵਿਚਾਰ, ਸਫਾ ੧੬

"ਸੁਣਿਆ ਜਾਂਦਾ ਹੈ ਕਿ ਭਾਈ ਦਿੱਤ ਸਿੰਘ ਜੀ ਗੁਲਾਬਦਾਸੀ ਮਤ ਦੀ ਫ਼ਕੀਰੀ ਹਾਲਤ ਵਿਚ ਚਿਰ ਕਾਲ ਤਕ ਅਤੇ ਪੁਰ ਤਹਿਸੀਲ ਖਰੜ ਜ਼ਿਲਾ ਅੰਬਾਲਾ ਵਿਚ ਕੁਟੀਆ ਅਤੇ ਛੋਟਾ ਜਿਹਾ ਬਗੀਚਾ ਬਣਾ ਰਹੇ ਹਨ ਅਤੇ ਲਾਂਭੇ ਦੇ ਪਿੰਡਾਂ ਵਿਚ ਗੁਰੂ ਬਣ ਕਰ ਆਪਣੇ ਆਪ ਨੂੰ ਪੁਜਾਂਦੇ ਰਹੇ ਹਨ, ਉਹੋ ਲੋਗ ਹੁਣ ਤਕ ਇਨ੍ਹਾਂ ਨੂੰ ਗੁਰੂ ਮੰਨਦੇ ਅਤੇ ਭੇਟਾ ਪੂਜਾ ਦੇਂਦੇ ਹਨ।"

ਇਹ ਲੇਖ ਜੋ ਮੇਰੀ ਨਿੰਦਜਾ ਪਰ ਮੇਰੇ ਭਾਈਆਂ ਨੇ ਲਿਖਜਾ ਸਾ ਸੋ ਇਤਨੀ ਬਾਤ ਜ਼ਰੂਰ ਦੱਸਦਾ ਹੈ ਕਿ ਮੈਂ ਬਾਲਕ ਪਣੇ ਵਿਚ ਹੀ ਲੋਗਾਂ ਨੂੰ ਐਸੇ ਉਪਦੇਸ਼ ਕਰਦਾ ਸਾਂ ਜੋ ਨੱਗਰਾਂ ਦੇ ਨੱਗਰ ਮੈਨੂੰ ਪ੍ਰਤਿਸ਼ਟਤ ਜਾਨਕੇ ਇੱਜ਼ਤ ਕਰਦੇ ਸਨ, ਅਤੇ ਅੱਜ ਤਕ ਉਨ੍ਹਾਂ ਨੱਗਰਾਂ ਦੇ ਲੋਗ ਉਨ੍ਹਾਂ ਉਪਦੇਸ਼ਾਂ ਨੂੰ ਭੁੱਲ ਨਹੀਂ ਗਏ ਕਿੰਤੂ ਵੈਸੀ ਹੀ ਪ੍ਰੀਤੀ ਇਸ ਵੇਲੇ ਤਾਈਂ ਰੱਖਦੇ ਹਨ।

ਸਾਡੇ ਭਾਈਆਂ ਦੇ ਇਸ ਕਥਨ ਤੇ ਰਜਬ ਜੀ ਦੇ ਇਸ ਬਚਨਾਨੁਸਾਰ, ਯਥਾ "ਸਾਧ ਸਰਾਹੇ ਸੋ ਸਤੀ ਜਤੀ ਜੋਖਤਾ ਜਾਨ ॥



Sri Satguru Jagjit Singh Ji eLibrary NamdhariElibrary@gmail.com

ਰਜਬ ਸਾਚੇ ਸੂਰ ਕਾ ਵੈਰੀ ਕਰੇ ਬਖਾਨ॥" ਅਰਥਾਤ ਸਤ ਵਾਲਾ ਓਹ ਪੁਰਖ ਹੈ ਜਿਸਦੀ ਸਾਖੀ ਮਹਾਤਮਾਂ ਦੇਨ ਅਰ ਜਤੀ ਉਹ ਹੈ ਜਿਸਦੀ ਪਰਸੰਸਾ ਇਸਤ੍ਰੀਆਂ ਕਰਨ ਅਤੇ ਬਹਾਦੁਰ ਉਹ ਹੈ ਜਿਸਦੀ ਸਮਰੱਥਾ ਦੀ ਗੁਵਾਹੀ ਉਸਦੇ ਮੁਖ਼ਾਲਫ ਦੇਣ ਇਸੇ ਵਾਸਤੇ ਭਾਈਆਂ ਦੀ ਇਸ ਗੁਵਾਹੀ ਨੇ ਦੱਸਣਾ ਹੈ ਕਿ ਬਾਲਕ ਪਣੇ ਵਿਚ ਦਯਾਨੰਦ ਜੀ ਵਿਦਯਾਰਥੀ ਹੋਕੇ ਕਿਤੇ ਅਸ਼ਟਾਧਯਾਈ ਪੜ੍ਹਦੇ ਹੋਣਗੇ ਤਦ ਮੈਂ ਸੰਤ ਹੋ ਕੇ ਉਪਦੇਸ਼ ਕਰਦਾ ਹੁੰਦਾ ਸਾਂ।

ਉਸਤੋਂ ਅੱਗੇ ਜਦ ਮੈਂ ਉਸ ਜਗ੍ਹਾ ਉਪਦੇਸ਼ ਕਰਦਾ ਅਤੇ ਲੋਗਾਂ ਦੇ ਬੰਧਨ ਤੋੜਦਾ ਹੋਇਆ ਚੱਠਿਆਂ ਵਾਲੇ ਡੇਰੇ ਜ਼ਿਲਾ ਲਾਹੌਰ ਵਿਚ ਆਇਆ ਤਦ ਮੈਂ ਸੰਤ ਦੇਸਾ ਜੀ ਪਾਸੋਂ, ਜੋ ਵੱਡੇ ਵਿਦਯਾ-ਵਾਨ ਅਰ ਸ਼ੁਭ ਗੁਣਾਂ ਸੰਪੰਨ ਹਨ, ਕਈ ਪੁਸਤਕ ਪੜ੍ਹੇ ਅਰ ਉਹ ਸੰਤ ਰਾਇ ਬਹਾਦਰ ਰਾਇ ਹੇਤੁਰਾਮ ਸਾਹਿਬ ਸੀ. ਆਈ. ਈ. ਸਾਬਕ ਅਸਿਸਟੰਟ ਪੋਲੀਟੀਕਲ ਏਜੰਟ ਬਲੋਚਸਤਾਨ ਦੇ ਉਤਦੇਸ਼ਟਾ ਹਨ ਅਤੇ ਏਸੇ ਕਾਰਨ ਤੇ ਸ੍ਰੀ ਯੁਤ ਰਾਇ ਸਾਹਿਬ ਦਾ ਮੇਰੇ ਨਾਲ ਬਚਪਨ ਤੇ ਹੀ ਵੱਡਾ ਪ੍ਰੇਮ ਹੈ।

ਉਸ ਵੇਲੇ ਭੀ ਮੈਂ ਚੁਪ ਨਹੀਂ ਕੀਤਾ ਸਾਂ ਕਿੰਤੂ ਮਾਝੇ ਦੇ ਵਿਚ ਜੋ ਕਿ ਇਕ ਸੂਰ ਬੀਰ ਅਤੇ ਬਹਾਦਰ ਦੇਸ ਹੈ ਉਪਦੇਸ਼ ਕਰਨੇ ਲਗਯਾ ਜਿਸਤੇ ਨੱਗਰਾਂ ਦੇ ਨੱਗਰ ਭਰਮ ਵਿਚੋਂ ਨਿਕਲ ਗਏ, ਅਰ ਅਜ ਤਕ ਮਾਝੇ ਵਿਚ ਸਖੀ ਸਰੋਵਰ ਯਾ ਕੋਈ ਦੇਵੀ ਦੇਵਤਾ ਜ਼ੋਰ ਨਹੀਂ ਪਾ ਸਕਦਾ, ਕਿਉਂਕਿ ਜਿਸ ਤਰ੍ਹਾਂ ਤੇਲ ਨਾਲ ਭਿਗੇ ਹੋਏ ਕਾਗ਼ਤ ਨੂੰ ਪਾਣੀ ਨਹੀਂ ਪੋਹਿੰਦਾ ਇਸੀ ਤਰ੍ਹਾਂ ਨਿਸ ਭਰਮ ਹੋਏ ਪੁਰਖਾਂ ਨੂੰ ਅਗਯਾਨ ਦੇ ਬੰਧਨ ਨਹੀਂ ਪੋਹਿੰਦੇ, ਅਰ ਮੈਂ ਉਨ੍ਹਾਂ ਦਿਨਾਂ ਵਿਖੇ ਸਰਾਧ ਅਤੇ ਮੜ੍ਹੀ ਮਸਾਣੀ ਆਦਿਕ ਦਾ ਬੂਟਾ ਪੁੱਟਦਾ ਹੁੰਦਾ ਸਾਂ ਜਿਸ ਤੇ ਨਗਰਾਂ ਦੇ ਨਗਰ ਮੈਨੂੰ ਪ੍ਰੇਮ ਕਰਦੇ ਸਨ।

ਹੁਣ ਵਿਚਾਰ ਜੋਗ ਇਹ ਬਾਤ ਹੈ ਕਿ ਜਦ ਮੈਂ ਬਾਲ ਅਵਸਥਾ ਤੋਂ ਹੀ ਉਪਦੇਸ਼ ਕਰਦਾ ਸਾਂ, ਅਰ ਉਸ ਸਮਯ ਵਿੱਚ ਦਯਾਨੰਦ ਜੀ



Sri Satguru Jagjit Singh Ji eLibrary NamdhariElibrary@gmail.com

ਦਾ ਕੋਈ ਨਾਮ ਨਸ਼ਾਨ ਭੀ ਨਹੀਂ ਜਾਨਦਾ ਸੀ (ਜਿਸ ਤੇ ਖਯਾਲ ਆਉਂਦਾ ਹੈ ਕਿ ਸ਼ਾਇਦ ਸੁਆਮੀ ਜੀ ਉਸ ਵੇਲੇ ਚਾਕੂ ਨਾਲ ਗੰਗਾ ਦੇ ਕਿਨਾਰੇ ਮੁਰਦੇ ਫਾੜ ਕੇ ਡਾਕਟਰੀ ਨੂੰ ਝੂਠੀ ਕਰਦੇ ਹੋਣਗੇ ਜੈਸਾ ਕਿ ਉਹ ਅਪਣੇ ਜੀਵਨ ਵਿਚ ਲਿਖਦੇ ਹਨ) ਉਨ੍ਹਾਂ ਨਾਲ ਮੇਰਾ ਸੰਬਾਦ ਕੋਈ ਗੱਪ ਨਹੀਂ ਸੀ ॥

ਦੋਹਿਰਾ—ਹੁਣ ਸੁਣੀਏਉਸ ਬਾਤ ਨੂੰ ਜੋ ਸੁਆਮੀ ਜੀ ਨਾਲ।
ਮੇਰੀ ਹੋਈ ਸਜਨੋਂ ਸੋਚੋ ਨਾਲ ਖਯਾਲ ॥ ੧੩ ॥
ਅੱਜ ਤੀਕ ਓਹ ਲੱਗ ਹਨ ਜ਼ਿੰਦੇ ਏਸ ਜਹਾਨ।
ਸੱਚ ਝੂਠ ਜੋ ਮੁੱਝਦਾ ਆਪੇ ਲੈਨ ਪਛਾਨ ॥ ੧੪ ॥

ਭਾਵ—ਉਨ੍ਹਾਂ ਦਿਨਾਂ ਵਿਚ ਮੈਂ ਚੱਠਿਆਂ ਵਾਲੇ ਰਹਿੰਦਾ ਹੁੰਦਾ ਸਾਂ ਪ੍ਰੰਤੂ ਮੈਨੂੰ ਚਰਚਾ ਵਾਰਤਾ ਕਰਨ ਦਾ ਬਹੁਤ ਚਾਉ ਹੁੰਦਾ ਸਾ, ਇਸ ਵਾਸਤੇ ਲਾਹੌਰ ਵਿਚ ਮਹੀਨੇ ਯਾ ਦੋ ਮਹੀਨੇ ਮਗਰੋਂ ਜ਼ਰੂਰ ਆਉਂਦਾ ਸਾਂ, ਅਰ ਲਾਲਾ ਰੋਡੂਰਾਮ ਜੀ ਹਕੀਮ ਨੂੰ, ਜੋ ਮੀਆਂਖਾਂ ਦੀ ਹਵੇਲੀ ਦੇ ਪਾਸ ਰਹਿੰਦੇ ਹਨ, ਮਿਲਯਾ ਕਰਦਾ ਸਾਂ ਅਰ ਸੂਤ੍ਰਮੰਡੀ ਵਿਚ ਸਰਦਾਰ ਮਹਾਂ ਸਿੰਘ ਦੀ ਹਵੇਲੀ ਵਿਚ ਜਿੱਥੇ ਓਨ੍ਹਾਂ ਦੇ ਸਪੁਤ੍ਰ ਸਰਦਾਰ ਨਿਹਾਲ ਸਿੰਘ ਜੀ ਅਤੇ ਸਰਦਾਰ ਸਵਾਇਆ ਸਿੰਘ ਜੀ ਰਹਿੰਦੇ ਸਨ, ਇਕ ਸਾਧੂ ਪਾਸ ਨਿਵਾਸ ਕਰਦਾ ਹੁੰਦਾ ਸਾਂ, ਜਿਸਤੇ ਦਿਨੇ ਵੇਲੇ ਤਾਂ ਭਾਈ ਜੁਾਹਰ ਸਿੰਘ ਜੀ ਨਾਲ ਜੋ ਅਜੇ ਥੋੜੇ ਚਿਰ ਤੋਂ ਹੀ ਰੇਲਵੇ ਦਫਤ੍ਰ ਵਿਚ ਨੌਕਰ ਹੋਏ ਸਨ, ਅਤੇ ਲਾਲਾ ਰੋਡੂਰਾਮ ਜੀ ਨਾਲ ਗਯਾਨ—ਗੋਸ਼ਟ ਕਰਦਾ ਰਹਿੰਦਾ ਸਾਂ ਅਰ ਰਾਤ ਨੂੰ ਓਥੇ ਆ ਕੇ ਅਸ਼ਰਾਮ ਕਰਦਾ ਸਾਂ ॥

ਓਨ੍ਹਾਂ ਦਿਨਾਂ ਵਿਚ ਸ੍ਵਾਮੀ ਸੰਪਤ ਗਿਰੀ ਜੀ ਨਾਲ (ਜੋ ਇਕ ਉਪਨਿਖਧਾਂ ਅਤੇ ਵੇਦਾਂਤ ਦੇ ਅਤਯੰਤ ਹੀ ਪ੍ਰਸਿੱਧ ਪੰਡਤ੍ ਅਰ ਸੰਨਯਾਸੀ ਸਾਧੂ ਸਨ, ਕਦੇ ਕਦੇ ਅਪਨੀ ਮੰਡਲੀ ਸਮੇਤ ਆ ਕੇ ਮੰਗਲਾਂ ਦੇ ਸ਼ਿਵਾਲੇ ਰਹਿੰਦੇ ਹੁੰਦੇ ਸਨ) ਮੈਂ ਅਤੇ ਭਾਈ ਜਵਾਹਰ



Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਜਾ ਕੇ ਪ੍ਰਸ਼ਨ ਕਰਦੇ ਹੁੰਦੇ ਸੇ ॥

ਇਸੀ ਤਰ੍ਹਾਂ ਅਸੀਂ ਤਿੰਨੇ ਮਿੱਤ੍ਰ ਭਾਈ ਈਸ਼ਰ ਸਿੰਘ ਜੀ ਸੰਤ ਨਿਰਮਲੇ ਅਰ ਭਾਈ ਬਿਸ਼ਨ ਸਿੰਘ ਜੀ ਸੰਤ ਨਿਰਮਲਿਆਂ ਨਾਲ, ਜੋ ਵੇਦਾਂਤ ਦੇ ਵਡੇ ਵਡੇ ਪੰਡਤ ਸਨ, ਅਰ ਉਹ ਕਦੇ ਕਦੇ ਲਾਹੌਰ ਆ ਕੇ ਰਹਿੰਦੇ ਹੁੰਦੇ ਸਨ, ਜ਼ਰੂਰ ਜਾ ਕੇ ਵਿਚਾਰ ਕਰਦੇ ਅਤੇ ਵੇਦਾਂਤ ਦੇ ਵਡੇ ਵਡੇ ਪ੍ਰਕਰਣਾ ਪਰ ਉੱਤ੍ਰ ਪ੍ਰਸ਼ਨਾਂ ਦੇ ਪਸੰਗ ਚਲਾਉਂਦੇ ਸਾਂ, ਜਿਸ ਤੇ ਸ਼ਹਰ ਦੇ ਬਹੁਤ ਸਾਰੇ ਸੱਜਣ ਸਾਡੇ ਵਾਕਫ਼ ਹੋ ਗਏ ਸਨ ।

**ਦੋਹਿਰਾ**—ਉਨ੍ਹਾਂ ਦਿਨਾਂ ਵਿਚ ਆ ਗਏ ਸ੍ਵਾਮੀ ਜੀ ਇਸ ਦੇਸ਼ ॥
ਲੁਦਿਹਾਨੇ ਤੇ ਜਿਨ ਕਰਾ ਵਿਚ ਲਾਹੌਰ ਪ੍ਰਵੇਸ਼॥੧੫॥

**ਭਾਵ**--ਉਨ੍ਹਾਂ ਦਿਨਾਂ ਵਿਚ ਹੀ ੧੯ ਅਪ੍ਰੈਲ ਸੰ: ੧੮੭੭ ਈ: ਨੂੰ ਸ੍ਵਾਮੀ ਦਯਾਨੰਦ ਜੀ ਲਾਹੌਰ ਆ ਗਏ, ਅਰ ਆ ਕੇ ਸ੍ਰੀ ਮਾਨਯ ਸੁਰਪੁਰ ਨਿਵਾਸੀ ਰਤਨ ਚੰਦ ਜੀ ਦਾਹੜੀ ਵਾਲੇ ਦੇ ਬਾਗ਼ ਵਿਚ ਉਤਰੇ । ਉਨ੍ਹਾ ਦਿਨਾਂ ਵਿਚ ਮੈਂ ਅਤੇ ਸਰਦਾਰ ਅਤਰ ਸਿੰਘ ਗੁਰਪੁਰ ਨਿਵਾਸੀ ਜ਼ੈਲਦਾਰ ਕਿਸ਼ਨਪੁਰਾ ਜ਼ਿਲਾ ਫ਼ੀਰੋਜ਼ਪੁਰ ਤਾਸੀਲ ਜ਼ੀਰਾ ਕਿਸੇ ਕੰਮ ਲਈ ਲਾਹੌਰ ਆਏ ਹੋਏ ਸੇ ॥

ਤਦ ਲੋਗਾਂ ਦੀ ਜ਼ੁਬਾਨੀ ਇਹ ਆਮ ਤੌਰ ਪਰ ਚਰਚਾ ਸੁਨਿਆ ਕਿ ਇਕ ਪੰਡਤ ਆਯਾ ਹੈ ਜਿਸਦੇ ਸਾਮ੍ਹਨੇ ਚਰਚਾ ਵਿਚ ਕੋਈ ਬੋਲ ਨਹੀਂ ਸਕਦਾ । ਸਰਦਾਰ ਅਤਰ ਸਿੰਘ ਜੀ ਭੀ ਗ੍ਯਾਨ ਗੋਸ਼ਟ ਕਰਨ ਲਈ ਬਹੁਤ ਤਕੜੇ ਸੇ, ਪ੍ਰੰਤੂ ਭਾਵੇਂ ਉਹ ਉਮਰਾ ਕਰਕੇ ਬ੍ਰਿਧ ਭੀ ਸਨ ਕਿੰਤੂ ਫਿਰ ਭੀ ਬੋਲਨੇ ਸਮਜ ਉਕਤੀ ਯੁਕਤੀਆਂ ਵਿਚ ਜੁਆਨਾਂ ਨੂੰ ਪਾਸੇ ਕਰਦੇ ਸਨ ।

ਉਸ ਵੇਲੇ ਮੈਂ ਅਰ ਇਸ ਸਰਦਾਰ ਸਾਹਿਬ ਨੇ ਸਲਾਹ ਕੀਤੀ ਕਿ ਚੱਲੋ ਅੱਜ ਓਸ ਪੰਡਤ ਨਾਲ ਚਰਚਾ ਕਰੀਏ ਅਰ ਦੇਖੀਏ ਜੋ ਉਹ ਕਿਤਨੇ ਕੁ ਪਾਣੀ ਵਿਚ ਹੈ, ਤਦ ਅਸੀਂ ਦੋਨੋਂ ਮਿਲਕੇ ਭਾਈ ਜ੍ਵਾਹਰ ਸਿੰਘ ਜੀ ਅਤੇ ਲਾਲਾ ਰੋਡੂਰਾਮ ਜੀ ਪਾਸ ਗਏ ਅਰ ਸਲਾਹ



Sri Satguru Jagjit Singh Ji eLibrary NamdhariElibrary@gmail.com

ਕੀਤੀ ਕਿ ਚੱਲੋ ਉਸ ਸਾਧ ਪੰਡਤ ਨਾਲ ਸੰਬਾਦ ਕਰੀਏ ਅਤੇ ਦੇਖੀਏ ਜੋ ਉਹ ਕਜਾ ਸਿੱਧ ਕਰਦਾ ਹੈ, ਅਤੇ ਉਸਦਾ ਮਤ ਕਿਆ ਹੈ ॥

ਫਿਰ ਅਸੀਂ ਚਾਰੇ ਮਿਲ ਕੇ ਸੰਧਜਾ ਦੇ ਪੰਜ ਕੁ ਬਜੇ ਪੰਡਤ ਦਜਾਨੰਦ ਜੀ ਦੇ ਡੇਰੇ ਬਾਗ਼ ਵਿਚ ਗਏ ਅਰ ਜਾਕੇ ਕਜਾ ਦੇਖਜਾ ਜੋ ਇਕ ਵਡਾ ਰਿਸ਼ਟ ਪੁਸ਼ਟ ਸਾਧੂ ਨੰਗਾ ਤਕੀਆ ਲਗਾਕੇ ਗੁਦੇਲੇ ਪਰ ਬੈਠਾ ਹੈ ਜਿਸਦੇ ਸਿਰ ਮੂੰਹ ਪਰ ਤਾਜ਼ੀ ਹੀ ਹਜਾਮਤ ਕਰਾਈ ਹੋਈ ਹੈ, ਅਰ ਜਾਲੀ ਦਾਰ ਫੁੰਮਣ ਵਾਲੀ ਚਿੱਟੀ ਟੋਪੀ ਉਸ ਦੇ ਸਿਰ ਪਰ ਹੈ। ਉਸ ਸਮਜ ਸ਼ਹਰ ਦੇ ਬਹੁਤ ਸਾਰੇ ਆਦਮੀ ਉਸ ਪਾਸ ਬੈਠੇ ਉਤ੍ਰ ਪ੍ਰਸ਼ਨ ਕਰਦੇ ਸਨ ਪਰੰਤੂ ਪੰਡਤ ਜੀ ਜੈਸਾ ਉਸ ਵੇਲੇ ਫੁਰੇ ਓਸੇ ਓਸੇ ਉਤ੍ਰ ਸਭ ਨੂੰ ਦੇ ਰਹੇ ਸਨ, ਤ਼ਦ ਅਸੀਂ ਭੀ ਜਾ ਕੇ ਪਾਸ ਬੈਠ ਗਏ ਅਰ ਉਨ੍ਹਾਂ ਦਾ ਬੋਲਨ ਵਾਲਾ ਢੰਗ ਤਾੜਦੇ ਰਹੇ ਕਿ ਕਿਸ ਚਾਲ ਚਲਦੇ ਹਨ ॥

ਜਦ ਸਾਨੂੰ ਬੀਸ ਕੁ ਮਿੰਟ ਬੈਠਿਆਂ ਨੂੰ ਹੋ ਗਏ ਤਦ ਭਾਈ ਜਵਾਹਰ ਸਿੰਘ ਹੋਰਾਂ ਨੇ ਮੇਰੀ ਵਲ ਤਕ ਕੇ ਸੈਨਤ ਕੀਤਾ ਕਿ ਕੁਝ ਪੁਛ ਲੇਵੋ, ਜਿਸ ਪਰ ਮੈਂ ਅੱਗੇ ਹੋ ਕੇ ਆਖਜਾ ਕਿ ਸੰਤ ਜੀ ਮੈਂ ਕੁਛ ਆਪ ਅੱਗੇ ਪ੍ਰਸ਼ਨ ਕਰਨਾ ਚਾਹੁੰਦਾ ਹਾਂ, ਇਸ ਬਾਤ ਨੂੰ ਸੁਨਕੇ ਉਨ੍ਹਾਂ ਨੇ ਕਿਹਾ ਕੇ ਪੁੱਛ ਕਿਆ ਪੁੱਛਦੇ ਹੋ, ਜਿਸ ਪਰ ਮੈਂ ਇਹ ਪ੍ਰਸ਼ਨ ਕੀਤਾ ਕਿ ਦਸੋ ਇਸ ਜਗਤ ਦਾ ਕੌਣ ਹੈ। ਇਸ ਮੇਰੇ ਕਥਨ ਨੂੰ ਸੁਨਦੇ ਸਾਰ ਅੱਗੋਂ ਇਹ ਉੱਤ੍ਰ ਦਿੱਤਾ ਕਿ ਜਗਤ ਕਰਤਾ "ਈਸ਼੍ਵਰ ਹੈ"

ਜਿਸ ਪਰ ਮੈਂ ਪੁਛਿਆ ਕੇ ਈਸ਼੍ਵਰ ਇਸ ਜਗਤ ਨੂੰ ਅਪਨੇ ਆਪ ਤੇ ਅਰਥਾਤ ਅਪਨੇ ਵਿਚੋਂ ਪੈਦਾ ਕਰਦਾ ਹੈ ਕਿ ਅਪਨੇ ਤੇ ਭਿੰਨ ਕਿਸੇ ਹੋਰ ਵਸਤੂ ਤੇ ?

ਇਸਦਾ ਉੱਤ੍ਰ ਪੰਡਤ ਜੀ ਨੇ ਉਸੇ ਵੇਲੇ ਇਹ ਦਿਤਾ ਕਿ ਈਸ਼੍ਵਰ ਅਪਨੇ ਆਪ ਵਿਚੋਂ ਕਿਥੋਂ ਕਰੇਗਾ ਕਿਉਂਕਿ ਉਹ ਨਿਰਾਕਾਰ ਹੈ



Sri Satguru Jagjit Singh Ji eLibrary NamdhariElibrary@gmail.com

ਕਿੰਤੂ ਚਾਰੇ ਪ੍ਰਮਾਣੂਆਂ ਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ॥

ਜਿਸ ਪਰ ਮੈਂ ਫਿਰ ਇਹ ਪ੍ਰਸ਼ਨ ਕੀਤਾ ਕਿ ਓਹ ਪ੍ਰਮਾਣੂ ਕਿੱਥੋਂ ਲਿਆਉਂਦਾ ਹੈ; ਜਿਨ੍ਹਾਂ ਨਾਲ ਜਗਤ ਰਚਦਾ ਹੈ।

ਇਸ ਬਾਤ ਨੂੰ ਸੁਨਕੇ ਪੰਡਤ ਜੀ ਬੋਲੇ ਕਿ ਇਹ ਤ੍ਰਿਸ ਰੇਣੂ ਜੋ ਅਕਾਸ਼ ਵਿਚ ਭ੍ਰਮਣ ਕਰਦੇ ਦਿਖਾਈ ਦੇਂਦੇ ਹਨ ਇਨ੍ਹਾਂ ਨੂੰ ਹੀ ਆਪਸ ਵਿਚ ਮਿਲਾ ਮਿਲਾ ਦੁਅਣ ਅਤੇ ਤ੍ਰਿਅਣਕ ਬਣਾ ਕੇ ਜਗਤ ਦੀ ਰਚਨਾ ਕਰ ਦੇਂਦਾ ਹੈ ॥

ਇਤਨਾ ਆਖਣ ਪਰ ਮੈਂ ਜਾਣ ਲੀਤਾ ਕਿ ਪੰਡਤ ਜੀ ਨੈਯਾਇਕ ਮਤ ਪਰ ਚਲਨਗੇ, ਜਿਸ ਦਾ ਉੱਤ੍ਰ ਮੈਂ ਏਹ ਪੁਛਿਆ ਕਿ ਪ੍ਰਮਾਣੂ ਕਿਤਨੇ ਹਨ ਜਿਨ੍ਹਾਂ ਤੇ ਇਹ ਪ੍ਰਪੰਚ ਬਨਦਾ ਹੈ, ਅਰ ਇਨ੍ਹਾਂ ਦੁਆਰੇ ਕਿਸ ਤਰ੍ਹਾਂ ਈਸ਼੍ਵਰ ਜਗਤ ਰਚਨਾ ਕਰ ਲੈਂਦਾ ਹੈ ? ਇਸ ਦਾ ਕਰਮ ਖੋਲ੍ਹ ਕੇ ਦੱਸੋ ॥

ਸੁਨਦੇ ਸਾਰ ਪੰਡਤ ਜੀ ਆਖਨ ਲਗੇ ਕਿ "ਅਕਾਸ਼ ਵਿਚ ਪ੍ਰਿਥਵੀ, ਜਲ ਅਤੇ ਵਾਯੂ ਦੇ ਪ੍ਰਮਾਣ ਸੂਖਮ ਰੂਪ ਹੋ ਕੇ ਫੈਲੇ ਹੋਏ ਭਰਮਨ ਕਰਦੇ ਸਨ ਜਿਨ੍ਹਾਂ ਨੂੰ ਈਸ਼ਵਰ ਨੇ ਅਪਨੀ ਸ਼ਕਤੀ ਦੁਵਾਰੇ ਜੁਦੇ ੨ ਮਿਲਾ ਦਿੱਤਾ ਇਨ੍ਹਾਂ ਤੋਂ ਫਿਰ ਯਥਾ ਕ੍ਰਮ ਇਹ ਸਥੂਲ ਬ੍ਰਹਮਾਂਡ ਉੱਤਪਤ ਹੋ ਗਿਆ। ਜੈਸਾ ਕਿ ਪ੍ਰਿਥਵੀ ਦੇ ਪ੍ਰਮਾਣੂਆਂ ਤੇ ਪ੍ਰਿਥਵੀ, ਜਲ ਦਿਆਂ ਤੇ ਜਲ ਅਗਨੀ ਦਿਆਂ ਪ੍ਰਮਾਣੂਆਂ ਤੇ ਅਗਨੀ ਅਤੇ ਵਾਯੂ ਦਿਆਂ ਪ੍ਰਮਾਣੂਆਂ ਤੇ ਵਾਯੂ ਹੋ ਗਈ। ਅੱਗੇ ਇਨ੍ਹਾਂ ਥੋਂ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਪੈਦਾ ਹੋ ਗਈ ॥

ਮੈਂ ਇਸ ਕਥਨ ਨੂੰ ਸੁਣਕੇ ਇਹ ਪੁਛਿਆ ਕਿ ਇਨ੍ਹਾ ਚਾਰਾਂ ਤੱਤਾਂ ਦੇ ਪ੍ਰਮਾਣੂ ਅੱਗੇ ਹੀ ਬਨੇ ਹੋਏ ਸਨ ਕਿ ਇਨ੍ਹਾਂ ਨੂੰ ਹੀ ਈਸ਼ਵਰ ਨੇ ਰਚਿਆ ਸਾ, ਅਰਥਾਤ ਪ੍ਰਮਾਣੂ ਅਨਾਦੀ ਹਨ ਕਿ ਨਾਦੀ ਜਿਨ੍ਹਾਂ ਨਾਲ ਈਸ਼ਵਰ ਜਗਤ ਰਚਦਾ ਹੈ ॥

ਤਦ ਹਸ ਕੇ ਆਖਨ ਲਗੇ ਕਿ "ਈਸ਼ਵਰ ਕੋਈ ਸਕਾਰ ਪਦਾ-ਰਥ ਨਹੀਂ ਜੋ ਸਥੂਲ ਤੱਤਾਂ ਨੂੰ ਅਪਨੇ ਆਤਮਾ ਤੇ ਰਚਦਾ ਕਿੰਤੂ


Sri Satguru Jagjit Singh Ji eLibrary NamdhariElibrary@gmail.com

ਇਹ ਚਾਰੇ ਤੱਤਾਂ ਦੇ ਪ੍ਰਮਾਣੂ ਅੱਗੇ ਹੀ ਹਨ ਅਰ ਇਹ ਅਨਾਦੀ ਹਨ, ਜਿਸਤੇ ਈਸ਼ਵਰ ਨੇ ਇਨ੍ਹਾਂ ਨੂੰ ਪ੍ਰਸਪਰ ਮਿਲਾਕੇ ਜਗ ਰਚਨਾ ਕਰ ਲੀਤੀ ਹੈ ॥

ਇਸ ਨੂੰ ਸੁਨ ਕੇ ਮੈਂ ਹਸ ਪਜਾ ਅਰ ਆਖਜਾ ਕੇ ਪੰਡਤ ਜੀ ਆਪ ਦੇ ਕਥਨ ਤੋਂ ਤਾਂ ਈਸ਼ਵਰ ਇਕ ਕਾਰੀਗਰ ਰਾਜ ਵਾਂਗ ਸਿੱਧ ਹੁੰਦਾ ਹੈ ਜਿਸ ਤਰ੍ਹਾਂ ਉਹ ਇੱਟਾਂ ਚੂਨਾ ਗਾਰਾ ਅਤੇ ਲਕੜੀ ਆਦਿਕ ਦਾ ਕਰਤਾ ਨਹੀਂ ਹੁੰਦਾ ਕਿੰਤੂ ਉਨ੍ਹਾਂ ਨੂੰ ਤਰਤੀਬ ਵਾਰ ਮਿਲਾ ਕੇ ਇੱਕ ਮਕਾਨ ਬਨਾ ਦੇਂਦਾ ਹੈ, ਇਸੀ ਤਰ੍ਹਾਂ ਈਸ਼ਵਰ ਦਾ ਭੀ ਹਾਲ ਹੈ, ਜੋ ਇਨ੍ਹਾਂ ਪ੍ਰਮਾਣੂਆਂ ਦਾ ਕਰਤਾ ਨਹੀਂ ਕਿੰਤੂ ਇਨ੍ਹਾਂ ਨਾਲ ਮਿਲਾ ਕੇ ਜਗਤ ਨੂੰ ਇਸ ਢਾਂਚੇ ਪਰ ਲਿਆਉਨ ਦੀ ਸ਼ਕਤੀ ਰੱਖਦਾ ਹੈ।

ਅਰਥਾਤ ਇਹ ਪੰਜੇ ਤੱਤ ਅੱਗੇ ਹੀ ਬਣੇ ਹੋਏ ਸਨ ਪਰ ਵਿਧੀ ਪੂਰਬਕ ਨਹੀਂ ਸੇ ਜਿਨ੍ਹਾਂ ਨੂੰ ਯਥਾਕ੍ਰਮ ਇਕੱਠੇ ਕਰਕੇ ਈਸ਼ਵਰ ਨੇ ਇਹ ਨਦੀਆਂ ਪਹਾੜ ਬ੍ਰਿਖ ਆਦਿਕ ਰਚਨਾ ਬਣਾ ਦਿਤੀਆਂ ਜਿਸ ਪਰ ਇਹ ਸਾਰੇ ਕਾਰੋਬਾਰ ਹੋਨ ਲਗ ਗਏ ॥

ਆਪ ਦੇ ਕਥਨ ਤੇ ਤਾਂ ਈਸ਼ਵਰ ਇਕ ਬੁੱਢੀ ਵਰਗੀ ਬੁਧਿ ਰਖਦਾ ਹੈ ਕਿ ਜਿਸਤਰ੍ਹਾਂ ਉਹ ਆਟਾ ਚਾਵਲ ਦਾਲ ਸਾਗ ਪਾਤ ਆਦਿਕ ਜੋ ਅੱਗੇ ਹੀ ਬਨੇ ਹੋਏ ਹਨ ਉਨ੍ਹਾਂ ਨੂੰ ਚੌਕ ਵਿੱਚ ਕਠੇ ਕਰ ਕੇ ਫੁਲਕੇ ਅਰ ਪੁਲਾਉ ਬਨਾ ਧਰਦੀ ਹੈ ਇਸੇ ਤਰ੍ਹਾਂ ਈਸ਼ਵਰ ਨੇ ਭੀ ਇਹੋ ਕੰਮ ਕੀਤਾ, ਜੋ ਤੱਤਾਂ ਨੂੰ ਕੱਠੇ ਕਰਕੇ ਇਸ ਸ਼ਕਲ ਵਿਚ ਲੈ ਆਂਦਾ ਜਿਸ ਨੂੰ ਅਸੀਂ ਜਗਤ ਆਖਦੇ ਹਾਂ। ਇਸ ਤੇ ਇਹ ਸਾਬਤ ਹੁੰਦਾ ਹੈ ਕਿ ਪ੍ਰਮਾਣੂਆਂ ਦਾ ਨਾਉਂ ਜਗਤ ਨਹੀਂ ਹੈ ਕਿੰਤੂ ਪ੍ਰਮਾਣੂ ਭੀ ਇਕ ਈਸ਼ਵਰ ਦੀ ਤਰ੍ਹਾਂ ਜਗਤ ਦਾ ਕਾਰਨ ਹਨ ॥

ਕਿੰਤੂ ਜੇ ਇਸ ਬਾਤ ਨੂੰ ਮੰਨ ਭੀ ਲਈਏ ਤਾਂ ਈਸ਼ਵਰ ਦੀ ਅਕਲ ਇਕ ਰਸੋਈ ਕਰਨ ਵਾਲੀ ਬੁੱਢੀ ਜਿਤਨੀ ਹੀ ਪ੍ਰਤੀਤ ਹੁੰਦੀ ਹੈ ਇਸ ਥੋਂ ਵਧ ਕੇ ਨਹੀਂ ਜਾਪਦੀ ॥



Sri Satguru Jagjit Singh Ji eLibrary NamdhariElibrary@gmail.com

ਮੇਰੇ ਇਤਨੇ ਆਖਨ ਪਰ ਪੰਡਤ ਜੀ ਕੁੱਛ ਗੁੱਸੇ ਹੋਏ ਅਤੇ ਕੁੱਝ ਹੱਸ ਪਏ ਫਿਰ ਅੱਗੇ ਇਹ ਉਚਰੇ ਕਿ "ਤੁਮ ਜੋ ਈਸ਼ਵਰ ਕੋ ਬੁੱਢੀ ਕੀ ਤੁਲਨਾ ਦੇਤੇ ਹੈ ਤੇ ਉਸ ਬੁੱਢੀ ਸੇ ਜਗਤ ਕੀ ਕੁਛ ਤੋਂ ਰਚਨਾ ਕਰਾਦੋ ਜਿਸ ਸੇ ਤੁਮਰਾ ਪੱਖ ਸਿੱਧ ਹੋ ॥"

ਮੈਂ ਆਖਜਾ ਕਿ ਆਪ ਜੇ ਬੁੱਢੀ ਤੇ ਜਗਤ ਬਣਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਭੀ ਅਪਨੇ ਈਸ਼ਵਰ ਪਾਸੋਂ ਥੋੜਾ ਜੇਹਾ ਆਲੂਆਂ ਦਾ ਸਲੂਣਾ ਅਤੇ ਮਿੱਠਾ ਪੁਲਾਉ ਤਾਂ ਬਣਵਾ ਦਿਓ ॥

ਇਸ ਦਾ ਉੱਤ੍ਰ ਕੇਵਲ ਇਤਨਾ ਹੀ ਦਿੱਤਾ ਕਿ "ਕਜਾ ਈਸ਼ਵਰ ਸਕਾਰ ਹੈ ਜੋ ਰਸੋਈ ਬਨਾਏ ?" ਮੈਂ ਕਿਹਾ ਕਿ "ਇਸੇ ਤਰ੍ਹਾਂ ਕਜਾ ਬੁੱਢੀ ਨਿਰਾਕਾਰ ਹੈ ਜੋ ਆਪ ਦੇ ਕਥਨਾ ਅਨੁਸਾਰ ਜਗਤ ਬਨਾਏ ?" ਪ੍ਰੰਤੂ ਫਿਰ ਭੀ ਵਿਚਾਰੀ ਘਰ ਦੇ ਸਾਰੇ ਕੰਮ ਕਰਦੀ ਹੈ ਅਰ ਹੀਰਿਆਂ ਵਰਗੇ ਬੱਚੇ ਜਣਦੀ ਹੈ ਜੋ ਵੱਡੇ ੨ ਸੂਰਬੀਰ, ਪੰਡਤ ਅਤੇ ਹਠੀ, ਤਪੀ, ਜਤੀ ਸਤੀ ਹੋ ਕੇ ਸੰਸਾਰ ਪਰ ਅਪਨੇ ਨਾਮ ਸੂਰਜ ਦੀ ਤਰ੍ਹਾਂ ਪ੍ਰਕਾਸ਼ਤ ਕਰਦੇ ਹਨ। ਫਿਰ ਕਜਾ ਈਸ਼ਵਰ ਇਕ ਦੇਗਚੀ ਦਾਲ ਦੀ ਭੀ ਨਹੀਂ ਰਿੰਨ ਸਕਦਾ ਅਰ ਉਸ ਬੱਢੀ ਨਾਲੋਂ ਭੀ ਕੰਮ ਕਾਰ ਵਿਚ ਗਿਰ ਗਿਆ ਹੈ ?

ਇਤਨੀ ਬਾਤ ਨੂੰ ਸੁਣਦੇ ਸਾਰ ਹੱਸ ਪਏ ਅਰ ਆਖਨ ਲੱਗੇ ਕਿ "ਭਾਈ ਹਮਾਰੇ ਈਸ਼ਵਰ ਸੇ ਤੋ ਚਾਵਲ ਨਹੀਂ ਪਕਾਏ ਜਾਤੇ ਜਾਓ ਤੁਮਾਰੀ ਬੁੱਢੀਆ ਅੱਛੀ ਹੈ ॥"

ਮੈਂ ਇਹ ਸਮਝ ਕੇ ਕਿ ਹੁਣ ਪੰਡਤ ਜੀ ਟਿਚਕਰਾਂ ਪਰ ਆ ਚਲੇ ਹਨ ਆਖਜਾ ਕਿ ਨਿਰਾਕਾਰ ਹੋ ਕੇ ਪਹਾੜ ਤਾਂ ਬਨਾ ਸਕਦਾ ਹੈ ਜੋ ਅਮਿਤ ਪ੍ਰਮਾਣ ਵਾਲੇ ਹਨ ਪਰ ਬੁੱਢੀਆਂ ਦੀ ਤਰ੍ਹਾਂ ਇਕ ਦੋ ਛਟਾਂਕਾਂ ਦਾ ਫੂਲਕਾ ਨਹੀਂ ਪਕਾ ਸਕਦਾ ਇਸ ਵਿਚ ਆਪ ਦੀ ਕਜਾ ਯੁਕਤੀ ਹੈ ?

ਇਤਨਾ ਸੁਨਕੇ ਕੁਛ ਘਬਰਾਏ ਅਰ ਇਹ ਦਾਉ ਖੇਲਜਾ ਜੋ ਮੁੜ ਕੇ ਫਿਰ ਪੁੱਛਨ ਲਗੇ ਕਿ "ਭਾਈ ਤੁਮਾਰਾ ਅਸਲੀ ਤਾਤਪ੍ਰਜ



Sri Satguru Jagjit Singh Ji eLibrary NamdhariElibrary@gmail.com

ਕਜਾ ਹੈ ਉਸ ਕੋ ਬਤਾਓ''

ਫਿਰ ਮੈਂ ਓਹੋ ਆਖਯਾ ਕਿ ਜਗਤ ਦਾ ਕਰਤਾ ਕੌਣ ਹੈ ?

ਇਸ ਦਾ ਉੱਤ੍ਰ ਮੁੜ ਕੇ ਫੇਰ ਸਵਾਮੀ ਜੀ ਨੇ ਏਹੋ ਦਿਤਾ ਕਿ ''ਹਮਨੇ ਤੋ ਪਹਿਲੇ ਬਤਾ ਦੀਆ ਕਿ ਈਸ਼ਵਰ ਹੈ ਫਿਰ ਕਜਾ ਪੂਛਤੇ ਹੋ ?''

ਮੈਂ ਕਿਹਾ ਇਸ ਪਰ ਜੋ ਮੈਂ ਸ਼ੰਕਾ ਕੀਤੀਆਂ ਹਨ ਉਨ੍ਹਾਂ ਦਾ ਉੱਤ੍ਰ ਆਪਨੇ ਨਹੀਂ ਦਿਤਾ, ਆਪ ਦੇ ਕਥਨ ਤੇ ਤਾਂ ਇਹੋ ਪ੍ਰਤੀਤ ਹੁੰਦਾ ਹੈ ਜੋ ਈਸ਼ਵਰ ਪ੍ਰਿਥੀ ਜਲ ਆਦਿਕ ਤੱਤਾਂ ਦਾ ਕਰਤਾ ਨਹੀਂ ਹੈ, ਕਿੰਤੂ ਮਨੁੱਖ ਹਾਥੀ ਘੋੜੇ ਚਿੜੀਆ ਬਟੇਰਿਆਂ ਦਾ ਕਰਤਾ ਹੈ; ਸੋ ਕਿਆ ਇਹ ਸੱਚ ਹੈ ਜੋ ਈਸਵਰ ਅਧਾ ਕਰਤਾ ਹੈ ਅਰ ਅਧੇ ਕਰਤਾ ਪ੍ਰਮਾਣੂ ਹਨ, ਇਸ ਪਰ ਮੈਂ ਇਹ ਭੀ ਪੁੱਛਦਾ ਹਾਂ ਕਿ ਪ੍ਰਮਾਣੂ ਨਿੱਤ ਹਨ ਯਾ ਅਨਿੱਤ ? ਜਿਸ ਦਾ ਉੱਤਰ ਇਹ ਦਿੱਤਾ ਕਿ ਨਿੱਤ, ਤਦ ਮੈਂ ਕਿਹਾ ਕਿ ਦਿਸਾ: ਕਾਲ ਅਤੇ ਆਤਮਾ ਨੂੰ ਆਪ ਨਿੱਤ ਮੰਨਦੇ ਹੋ ਯਾ ਅਨਿੱਤ, ਇਸ ਦਾ ਉੱਤ੍ਰ ਭੀ ਉਨ੍ਹਾਂ ਨੇ ਏਹੋ ਦਿੱਤਾ ਕਿ ''ਇਹ ਸਭ ਵਸਤੂਆਂ ਨਿੱਤ ਹਨ''।

ਫਿਰ ਮੈਂ ਕਿਹਾ ਕਿ ''ਈਸ਼੍ਵਰ ਦੇ ਨਾਲ ਸਾਰੇ ਇਹ ਭੀ ਅਨਾਦੀ ਅਤੇ ਜਗਤ ਦਾ ਕਰਤਾ ਹਨ ਫਿਰ ਈਸ਼੍ਵਰ ਸੁਤੰਤ੍ਰ ਕਰਤਾ ਨਹੀਂ ਹੈ ਕਿੰਤੂ ਪਰਤੰਤ੍ਰ ਹੈ ॥

ਦੂਸਰਾ ਆਪ ਦੇ ਕਥਨ ਤੇ ਤਾਂ ਇਹ ਭੀ ਪਾਯਾ ਜਾਂਦਾ ਹੈ ਕਿ ਜਗਤ ਨਾਮ ਸਿਰਫ ਪਸ਼ੂ, ਪੰਖੀਆਂ ਅਰ ਮਨੁੱਖਾਂ ਆਦਿਕ ਵਸਤੂਆਂ ਦਾ ਹੈ, ਅਰ ਇਸ ਤੇ ਅਗੇ ਭੀ ਜੇ ਵਧ ਜਾਈਏ ਤਾਂ ਸਮੁੰਦਰ, ਪਹਾੜ, ਚੰਦ, ਸੂਰਜ ਅਤੇ ਤਾਰਾ ਗਣ ਅਰ ਬਨਸਪਤੀ ਦਾ ਨਾਮ ਸਦਿਆ ਜਾਏਗਾ ਪਰੰਤੂ ਪ੍ਰਮਾਣੂ ਅਤੇ ਅਕਾਸ ਆਦਿਕ ਪਦਾਰਥਾਂ ਦਾ ਕਰਤਾ ਈਸ਼ਵਰ ਨਾ ਹੋਣ ਕਰਕੇ ਇਹ ਜਗਤ ਨਹੀਂ ਸੱਦੇ ਜਾਨਗੇ, ਅਰ ਜੇ ਇਨਾਂ ਨੂੰ ਭੀ ਜਗਤ ਆਖੋਗੇ ਤਾਂ ਇਨ੍ਹਾਂ ਦਾ ਕਰਤਾ ਕੋਈ ਹੋਰ ਮੰਨਣਾ ਪਏਗਾ, ਜਿਸ ਤੇ ਜਗਤ ਕਰਤਾ ਕਹਿਆ ਜਾਏ ਆਪੇ ਇਸ

Sri Satguru Jagjit Singh Ji eLibrary NamdhariElibrary@gmail.com

ਦਾ ਉੱਤ੍ਰ ਸੋਚ ਕੇ ਦੇਵੋ ਅਰ ਸੋਚੋ ਕਿ ਮੈਂ ਕਿਜਾ ਆਖਯਾ ਹੈ"।

ਮੇਰੀ ਇਤਨੀ ਬਾਤ ਨੂੰ ਸੁਨਦਿਆਂ ਕੁਛ ਤੰਗ ਜੇਹੇ ਹੋ ਕੇ ਬੋਲੇ ਕਿ "ਹਮਤੋ ਯਹੀ ਜਾਨਤੇ ਹੈਂ"॥

ਮੈਂ ਕਹਿਆ ਕਿ ਇਹ ਆਖਨਾ ਇਸ ਦਾ ਉੱਤ੍ਰ ਨਹੀਂ ਹੈ॥

ਫਿਰ ਗੁੱਸੇ ਹੋ ਕੇ ਆਖਨ ਲਗੇ ਕਿ "ਜਾਓ ਤੁਮ ਕਹਿ ਦੇਵੋ ਕਿ ਹਮ ਜੀਤ ਗਏ ਔਰ ਸਵਾਮੀ ਹਾਰ ਗਏ"॥

ਜਿਸ ਪਰ ਮੈਂ ਆਖਯਾ ਕਿ ਕਹਣਾ ਕਯਾ ਹੈ ਇਹ ਤਾਂ "ਸੁੰਦਰ ਦਾਸ ਪ੍ਰਸਿੱਧਦਿਖਾਵਤ ਧਾਨ ਕਾ ਖੇਤ ਪਰਾਲੀ ਸੋ ਜਾਨੋ" ਵਾਲੀ ਬਾਤ ਸਭ ਨੂੰ ਪ੍ਰਤੀਤ ਹੁੰਦੀ ਹੈ॥

ਇਤਨੇ ਵਿਚ ਜਦ ਖਿਝ ਖਿਝਾਉ ਹੁੰਦਾ ਦੇਖਯਾ ਤਦ ਭਾਈ ਜਵਾਹਰ ਸਿੰਘ ਜੀ ਅਤੇ ਸਰਦਾਰ. ਅਤਰ ਸਿੰਘ ਜੀ ਜ਼ੈਲਦਾਰ ਕਿਸ਼ਨ ਪੁਰਾ ਨੇ ਮੈਨੂੰ ਚੁਪ ਕਰਾ ਦਿਤਾ ਅਰ ਸੰਧਯਾ ਪੈ ਗਈ ਅਸੀਂ ਓਥੋਂ ਤੁਰਕੇ ਅਪਨੇ ਡੇਰੇ ਆ ਗਏ॥

ਪਹਿਲੇ ਦਿਨ ਦੀ ਚਰਚਾ ਥੋਂ ਸਾਨੂੰ ਇਹ ਪਤਾ ਲਗ ਗਿਆ ਕਿ ਇਹ ਸਾਧੂ ਭਾਵੇਂ ਵਿੱਦਯਾ ਤਾਂ ਪੜ੍ਹਿਆ ਹੋਇਆ ਹੈ ਪਰ ਇਸ ਨੂੰ ਅਨੁਭਵ ਨਹੀਂ ਹੈ ਸਿਰਫ ਲੀਕੋ ਲੀਕ ਚਲ ਰਿਹਾ ਹੈ, ਪਰ ਕਦੇ ਇਸ ਨਾਲ ਫਿਰ ਟਾਕਰਾ ਕਰੇਂਗੇ॥

## ਦੂਸਰਾ ਸ਼ਾਸਤ੍ਰਾਰਥ

**ਦੋਹਿਰਾ**—ਦਸਮ ਗੁਰੂ ਕਰਣਾ ਨਿਧੀ ਖਲ ਖੰਡਣ ਜਗਰਾਜ
ਸੋ ਸਦ ਹੀ ਨਿਜ ਹਾਥ ਦੇ ਰਾਖੇ ਬ੍ਰਿਦ ਕੀ ਲਾਜ਼॥੧॥
ਨਾਲ ਸਾਧ ਦੇ ਦੂਸਰਾ ਜੋ ਮੇਰਾ ਤਕਰਾਰ।
ਹੋਇਆ ਸੀ ਜੋ ਸੱਜਨੋਂ ਸੁਨੀਏ ਨਾਲ ਪਯਾਰ॥੨॥
ਵੇਦਾਂ ਨੂੰ ਸੀ ਆਖਦੇ ਹਨ ਈਸ਼ਵਰ ਦੇ ਵਾਕ।
ਉਸ ਦਾ ਖੰਡਨ ਮੈਂ ਕਰਿਆ ਖੋਲ੍ਹ ਭਰਮ ਦੇ ਤਾਕ॥੩॥


Sri Satguru Jagjit Singh Ji eLibrary NamdhariElibrary@gmail.com

**ਭਾਵ**—ਥੋੜੇ ਹੀ ਦਿਨਾਂ ਮਗਰੋਂ ਸਵਾਮੀ ਜੀ ਉਸ ਬਾਗ ਵਿਚੋਂ ਡਾਕਟਰ ਰਹੀਮ ਖਾਂ ਸਾਹਿਬ ਦੀ ਕੋਠੀ ਵਿਚ ਆ ਗਏ, ਅਰ ਉਹ ਕੋਠੀ ਹਸਪਤਾਲ ਦੇ ਪਿਛੇ ਸੀ ਜਿਥੇ ਅੱਜ ਕੱਲ "ਵੈਟਰੇਨਰੀ ਕਾਲਜ" ਅਰਥਾਤ ਘੋੜਿਆਂ ਦੇ ਇਲਾਜ ਦਾ ਮਦਰੱਸਾ ਸੀ ॥

ਇਸ ਜਗ੍ਹਾ ਪਰ ਸੁਆਮੀ ਜੀ ਨੇ ਉੱਤਰ ਪ੍ਰਸ਼ਨ ਦਾ ਪ੍ਰਬੰਧ ਇਸ ਇਸ ਪ੍ਰਕਾਰ ਕੀਤਾ ਅਸੀਂ ਤਿੰਨ ਦਿਨ ਵੱਖਜਾਨ ਦਿਆ ਕਰਾਂਗੇ, ਅਰ ਚੌਥਾ ਦਿਨ ਲੋਗਾਂ ਦੇ ਉੱਤਰ ਪ੍ਰਸ਼ਨ ਵਾਸਤੇ ਰੱਖਜਾ ਜਾਏਗਾ, ਪਰੰਤੂ ਹਰ ਇਕ ਪ੍ਰਸ਼ਨ ਕਰਤਾ ਨੂੰ ਇਹ ਬਾਤ ਯਾਦ ਰੱਖਨੀ ਹੋਵੇਗੀ ਕਿ ਉਹ ਉਸੇ ਪ੍ਰਸੰਗ ਪਰ ਉੱਤਰ ਪ੍ਰਸ਼ਨ ਕਰ ਸਕਦਾ ਹੈ ਜਿਸ ਵਿਚ ਸਾਡਾ ਵੱਖਜਾਨ ਹੋਵੇਗਾ ਉਸ ਤੇ ਉਲੰਘ ਕੇ ਕੋਈ ਬਾਤ ਭੀ ਨਹੀਂ ਆਖ ਸਕੇਗਾ।

ਇਤਨੀ ਪ੍ਰਤੱਗਜਾ ਕਰਕੇ ਤਦ ਉਨ੍ਹਾਂ ਨੇ ਅਪਨਾ ਵੱਖਜਾਨ ਵੇਦਾਂ ਦੇ ਈਸ਼ਟਵੀਯ ਹੋਨ ਪਰ ਦੇਨਾ ਅਰੰਭ ਕੀਤਾ, ਅਰ ਲੋਗਾਂ ਪਰ ਇਹ ਸਾਬਤ ਕਰਨਾ ਚਾਹਿਆ ਕਿ ਵੇਦ ਪੌਰਖੇਜ ਅਰਥਾਤ ਮਨੁੱਖਾਂ ਦੇ ਕੀਤੇ ਹੋਏ ਨਹੀਂ ਕਿੰਤੂ ਈਸ਼ਵਰ ਰਚਤ ਹਨ ਜਿਸ ਤੇ ਇਨ੍ਹਾਂ ਨੂੰ ਈਸ਼ਵਰ ਦੀ ਬਾਣੀ ਸਮਝ ਕੇ ਮੰਨਨਾ ਜੋਗ ਹੈ ਅਤੇ ਇਹ ਈਸ਼ਵਰ ਦਾ ਗਜਾਨ ਹਨ।

ਅਪਨੇ ਇਸ ਕਥਨ ਦੇ ਸਿੱਧ ਕਰਨ ਲਈ ਉਨ੍ਹਾਂ ਨੇ ਇਹ ਯੁਕਤੀ ਕਥਨ ਕੀਤੀ ਜਿਸ ਨਾਲ ਉਹ ਸਾਬਤ ਕਰਨਾ ਚਾਹੁੰਦੇ ਸੇ ਕਿ ਵੇਦ ਮਨੁੱਖ ਰਚਤ ਨਹੀਂ, ਜਿਸ ਤੇ ਕਹਿਨ ਲੱਗੇ ਕਿ ਸ੍ਰਿਸ਼ਟੀ ਦੇ ਆਦਿਕਾਲ ਵਿਚ ਚਾਰ ਰਿਖੀ ਪੈਦਾ ਹੋਏ ਸਨ ਜਿਨ੍ਹਾਂ ਦੇ ਅਗਨੀ, ਵਾਯੂ, ਆਦਿਤ ਅਤੇ ਅੰਗਰਾ ਨਾਮ ਸਨ, ਅਰ ਇਨ੍ਹਾਂ ਹੀ ਚਾਰ ਰਿਖੀਆਂ ਦੁਆਰੇ ਈਸ਼ਵਰ ਨੇ ਵੇਦਾਂ ਨੂੰ ਰਚਜਾ ਹੈ ਚਾਰੇ ਰਿਖੀਆਂ ਨੂੰ ਜੋ ਜੋ ਈਸ਼ਵਰ ਦਾ ਗਜਾਨ ਉਤਰਦਾ ਰਿਹਾ ਸੋਈ ਉਹ ਅਪਨੇ ਅਨੁਭਵ ਦੁਆਰਾ ਇਕੱਤ੍ਰ ਕਰਦੇ ਰਹੇ, ਜਿਸ ਤੇ ਇਹ ਚਾਰੇ ਵੇਦ



Sri Satguru Jagjit Singh Ji eLibrary NamdhariElibrary@gmail.com

ਬਨ ਗਏ ।

ਸੁਆਮੀ ਜੀ ਦਾ ਇਹ ਕਥਨ ਭਾਵੇਂ ਕੋਈ ਨਮੀ ਬਾਤ ਨਹੀਂ ਸੀ, ਕਿਉਂਕਿ ਮਨੂੰਸਿਮ੍ਰਿਤੀ ਦੇ ਪਹਿਲੇ ਅਧਯਾਇ ਵਿਚ ਮਨੂੰਜੀ ਨੇਭੀ ਏਹੋ ਕਥਨ ਕੀਤਾ ਹੈ, ਹਾਂ ਮਨੂੰਸਿਮ੍ਰਿਤੀ ਨਾਲੋਂ ਸੁਆਮੀ ਦੇ ਕਥਨ ਦਾ ਇਤਨਾ ਵਿਰੋਧ ਜ਼ਰੂਰ ਹੈ ਜੋ ਮਨੂੰਜੀ ਤਿੰਨ ਵੇਦ ਆਖਦੇ ਹਨ ਅਤੇ ਸਾਧੂ ਜੀ ਨੇ ਚਾਰ ਕਥਨ ਕੀਤੇ ਹਨ, ਪ੍ਰੰਤੂ ਸਾਧੂ ਜੀ ਦਾ ਇਹ ਕਥਨ ਨਵਾਂ ਇਸ ਵਾਸਤੇ ਪਰਤੀਤ ਹੁੰਦਾ ਸੀ, ਜੋ ਉਸ ਸਮਯ ਪੰਜਾਬ ਵਿਚ ਇਤਨਾ ਵਿਦਯਾ ਦਾ ਪ੍ਰਚਾਰ ਨਹੀਂ ਸਾ ਜੇਹਾ ਕੁ ਅੱਜ ਕਲ ਹੈ ਇਸ ਵਾਸਤੇ ਲੋਗਾਂ ਨੂੰ ਇਹ ਖਯਾਲ ਇਕ ਨਵਾਂ ਪ੍ਰਤੀਤ ਹੁੰਦਾ ਸਾ ਜਿਸ ਤੇ ਆਖਦੇ ਸਨ ਕਿ ਵੇਖੋ ਜੀ ਸੁਆਮੀ ਮਹਾਰਾਜ ਕੈਸੇ ਵਿਦਵਾਨ ਹਨ ਜੋ ਵੇਦਾਂ ਦਾ ਇਲਹਾਮ ਚਾਰ ਰਿਖੀਆਂ ਪਰ ਉਤਰਿਆ ਦਸਦੇ ਹਨ ਅਤੇ ਅੱਜ ਤਕ ਸਭ ਲੋਗ ਭੁਲੇ ਹੋਏ ਸੇ ਜੋ ਬ੍ਰਹਮਾ ਨੂੰ ਹੀ ਵੇਦਾਂ ਦਾ ਕਰਤਾ ਮੰਨਦੇ ਸਨ ਕਿਉਂਕਿ ਲੋਗਾਂ ਨੂੰ ਇਹ ਖਬਰ ਨਹੀਂ ਸੀ ਕਿ ਬ੍ਰਹਮਾ ਨੂੰ ਹੀ "ਹਿਰਨ ਗਰਭ" ਆਖ ਕੇ ਮਨੂੰ ਜੀ ਨੇ ਭੀ ਵੇਦਾਂ ਦਾ ਕਰਤਾ ਵਰਨਨ ਕੀਤਾ ਹੈ ।

***ਦੋਹਿਰਾ***—ਜਿਵੇਂ ਭੜੋਲਾ ਚੌਧਰੀ ਉੱਜੜ ਖੇੜੇ ਵਿੱਚ ।
ਤਿਉ ਵਿਦਯਾ ਤੇ ਹੀਨ ਨਰ ਲਏ ਸੁਆਮੀ ਖ਼ਿੱਚ ॥੪॥
ਵਾਹਿ ਵਾਹਿ ਸਭ ਕਹਿ ਰਹੇ ਅਰ ਕਰਕੇ ਵਿਸਵਾਸ ।
ਆਖਨ ਉਤਰੇ ਵੇਦ ਸਨ ਚਾਰੇ ਰਿਖੀਆਂ ਪਾਸ ॥੫॥
ਦਿਵਸ ਤਿੰਨ ਪੂਰੇ ਭਏ ਦਿੰਦਯਾਂ ਜਦ ਵਖਯਾਨ ।
ਚੌਥੇ ਦਿਨ ਦੇ ਵਾਸਤੇ ਲੱਗੇ ਏਹ ਸੁਣਾਨ ॥੬॥

***ਚੌਪਈ*** —ਸਭਨਾਂ ਨੂੰ ਇਹ ਕਿਹਾ ਸੁਨਾਇ ।
ਜਿਸ ਨੂੰ ਸੰਸਾ ਇਸ ਵਿਚ ਕਾਇ ॥
ਸੋ ਹੋਕਰ ਮਨ ਵਿੱਚ ਕਰਾਰਾ ।
ਸੁਆਮੀ ਢਿਗ ਆ ਕਰੇ ਉਚਾਰਾ ॥



Sri Satguru Jagjit Singh Ji eLibrary NamdhariElibrary@gmail.com

ਭਲਕੇ ਪੰਜ ਬਜੇ ਦੇ ਨਾਲ ।
ਉਤ੍ਰ ਪ੍ਰਸ਼ਨ ਕਰੇ ਸੰਭਾਲ ॥
ਪਰ ਉਹ ਹੋਕਰ ਆਏ ਤਕੜਾ ।
ਯੁਕਤੀ ਵਿਚ ਨਾ ਜਾਏ ਪਕੜਾ ॥
ਨਾਣ ਸੁਆਮੀ ਕਰਨੀ ਗੱਲ ।
ਵੱਡੀ ਮਾਰਨੀ ਹੈ ਇਕ ਮੱਲ ॥
ਵਡੇ ਵਡੇ ਪੰਡਤ ਜੋ ਗਹਰੇ ।
ਇਸਦੇ ਸਨਮੁਖ ਕੋਇ ਨ ਠਹਰੇ ॥
ਸਭ ਡਰ ਜਾਂਦੇ ਇਸ ਦੇ ਅਗੇ ।
ਸ਼ੇਰ ਦੇਖ ਜਿਉਂ ਕੰਬਨ ਢੱਗੇ ॥
ਇਸ ਤਰ੍ਹਾਂ ਦਾ ਚਰਚਾ ਹੋਇਆ ।
ਸਭ ਨੇ ਧੀਰਜ ਮਨ ਦਾ ਖੋਇਆ ॥੭॥

**ਭਾਵ**--ਤੀਸਰੇ ਦਿਨ ਸੰਧਯਾ ਵੇਲੇ ਵੱਖਯਾਨ ਬੰਦ ਕਰਕੇ ਆਖਯਾ ਕਿ ਜਿਸ ਪੁਰਖ ਨੂੰ ਇਸ ਵਿਚ ਕੁਝ ਸ਼ੰਕਾ ਹੈ ਸੋ ਉੱਤਰ ਪ੍ਰਸ਼ਨ ਕੱਲ ਨੂੰ ਏਸੇ ਵੇਲੇ ਆ ਕੇ ਕਰ ਸਕਦਾ ਹੈ। ਇਤਨਾ ਸੁਣਕੇ ਸਾਰੇ ਲੋਗ ਆਪੋ ਆਪਨੇ ਘਰਾਂ ਨੂੰ ਚਲੇ ਗਏ, ਅਤੇ ਮੈਂ ਭੀ ਆਪਣੇ ਸੱਜਨਾਂ ਸਮੇਤ ਡੇਰੇ ਆਇਆ ॥

ਉਸ ਸਮਜ ਬੈਠ ਕੇ ਬਾਤਾਂ ਕਰਦੇ ਕਰਦੇ ਭਾਈ ਜਵਾਹਰ ਸਿੰਘ ਸਾਹਿਬ ਨੇ ਮੈਨੂੰ ਆਖਯਾ ਕਿ ਅੱਛਾ ਹੋਵੇ ਜੇ ਤੁਸੀਂ ਇਸ ਸਾਧੂ ਨਾਲ ਉਤਰ ਪ੍ਰਸ਼ਨ ਕਰੋ ਅਤੇ ਇਸ ਦੇ ਪੱਖ ਦਾ ਖੰਡਨ ਕਰੋ, ਜਿਸ਼ ਨੂੰ ਸੁਨ ਕੇ ਮੈਂ ਅੰਗੀਕਾਰ ਕੀਤਾ ਅਤੇ ਆਖਯਾ ਕਿ ਕਲ ਨੂੰ ਜ਼ਰੂਰ ਇਨ੍ਹਾਂ ਨਾਲ ਪ੍ਰਸ਼ਨ ਉਤਰ ਕਰਾਂਗਾ ॥

**ਦੋਹਿਰਾ**--ਭਾਈ ਸਾਹਿਬ ਨੇ ਕਹੀ ਸੁਨੋ ਮੀਤ ਮਨ ਲਾਇ ।
ਨਾਲ ਸਾਧ ਦੇ ਬੋਲਨਾ ਸੌਖੀ ਬਾਤ ਨ ਕਾਇ ॥੮॥

**ਭਾਵ**--ਭਾਈ ਜਵਾਹਰ ਸਿੰਘ ਜੀ ਹੁਰਾਂ ਨੇ ਮੇਰੇ ਇਸ ਇਕਰਾਰ



Sri Satguru Jagjit Singh Ji eLibrary NamdhariElibrary@gmail.com

ਨੂੰ ਸੁਨਕੇ ਆਖਯਾ ਕਿ ਪ੍ਰਸ਼ਨ ਉੱਤਰ ਕਰਨਾ ਤਾਂ ਕੋਈ ਵੱਡੀ ਬਾਤ ਨਹੀਂ ਹੈ ਪਰੰਤੂ ਇਸ ਸਾਧੂ ਨੂੰ ਰੋਜ਼ ਦੇ ਬੋਲਨ ਕਰਕੇ ਪੂਰਾਂ ਪੂਰਾ ਅਭਯਾਸ ਹੋ ਰਿਹਾ ਹੈ ਅਰ ਚਰਚਾ ਦਾ ਢੰਗ ਚੰਗਾ ਜਾਣਦਾ ਹੈ, ਇਸ ਵਾਸਤੇ ਤੁਸੀਂ ਇਤਨਾ ਯਾਦ ਰੱਖਨਾ ਕਿ ਕਿਤੇ ਤੁਹਾਨੂੰ ਵੇਦਾਂ ਦੇ ਚੱਕਰ ਵਿਚ ਨਾ ਲੈ ਆਵੇ ਕਿਉਂਕਿ ਤੁਸੀਂ ਦੇਖਦੇ ਹੋ ਜੋ ਉਨ੍ਹਾਂ ਦੇ ਬੋਲਨੇ ਵਿਚ ਕਿਸ ਤਰ੍ਹਾਂ ਦੇ ਦਾਓ ਪੇਚ ਹੁੰਦੇ ਹਨ ॥

ਦੋਹਿਰਾ--ਤਦ ਮੈਂ ਹਸ ਕੇ ਆਖਯਾ ਮੈਨੂੰ ਡਰ ਨਾ ਕੁੱਝ ।
ਸਾਰੀ ਘੁੰਡੀ ਓਸ ਦੀ ਮੈਂ ਲੀਤੀ ਹੈ ਬੁੱਝ ।।੯।।

**ਭਾਵ**--ਮੈਨੂੰ ਰਤਨ ਚੰਦ ਦੇ ਬਾਗ ਵਾਲਾ ਝਗੜਾ ਅਰ ਤਿੰਨ ਦਿਨਾਂ ਦਾ ਇਹ ਵੱਖਯਾਨ ਸੁਨਕੇ ਇਤਨਾ ਮਾਲੂਮ ਹੋ ਗਿਆ ਸਾ ਕਿ ਇਹ ਇਸ ਤਰ੍ਹਾਂ ਉਖੇੜਾਂ ਮਾਰਦੇ ਹਨ, ਅਰ ਅਪਨੇ ਪ੍ਰਤਿ ਪੱਖੀ ਨੂੰ ਕਈ ਤਰ੍ਹਾ ਦੀਆਂ ਬਾਤਾਂ ਨਾਲ ਚੱਕ੍ਰਤ ਕਰ ਦੇਂਦੇ ਹਨ, ਜਿਸ ਤੇ ਭਾਈ ਸਾਹਿਬ ਨੂੰ ਆਖਯਾ ਕਿ ਆਪ ਵੇਲੇ ਖੁਦ ਦੇਖੋਂਗੇ ਜੋ ਕਯਾ ਰੰਗ ਖਿਲੈਗਾ, ਅਰ ਮੈਂ ਆਸ਼ਾ ਰਖਦਾ ਹਾਂ ਕਿ ਉਹ ਮੇਰੇ ਪ੍ਰਸ਼ਨਾਂ ਦੇ ਉੱਤਰ ਨਹੀਂ ਦੇ ਸਕਨਗੇ, ਇਤਨਾ ਵਿਚਾਰ ਕਰਕੇ ਸਾਰੇ ਆਪੋ ਆਪਣੇ ਸਥਾਨਾਂ ਪਰ ਪਧਾਰ ਗਏ ॥

ਰਾਤ ਵੇਲੇ ਬੈਠਕੇ ਮੈਂ ਅੰਪਨੇ ਚਿੱਤ ਵਿੱਚ ਪ੍ਰਸ਼ਨ ਘੜਨ ਲੱਗਾ ਅਰ ਜੋ ਉਸ ਸਮਯ ਵਿਚ ਯਾਦ ਆਏ ਸੋ ਕਾਗਤ ਪਰ ਨੰਬਰ ਵਾਰ ਲਿਖ ਲੀਤੇ ਅਤੇ ਸੌਂ ਗ੍ਰਿਆ, ਫਿਰ ਪ੍ਰਾਤਾਕਾਲ ਉਠਕੇ ਸਾਰੇ ਸਾਰੇ ਖਯਾਲ ਜੋ ਪੁੱਛਨੇ ਸਨ ਚੰਗੀ ਤਰ੍ਹਾਂ ਲਿਖ ਲੀਤੇ ਅਰ ਆਪਨੇ ਆਪ ਨੂੰ ਤਿਆਰ ਕਰ ਲੀਤਾ ॥

ਜਦ ਸੰਧਯਾ ਪਈ ਤਦ ਪੂਰੇ ਵਕਤ ਪਰ ਸੁਆਮੀ ਜੀ ਦੇ ਡੇਰੇ ਪਰ ਪਹੁੰਚੇ ਅਰ ਅੱਗੇ ਕਯਾ ਦੇਖਯਾ ਜੋ ਮੈਦਾਨ ਵਿਚ ਦਰੀਆਂ ਵਿਛੀਆਂ ਹੋਈਆਂ ਹਨ ਜਿਸ ਦੇ ਵਿਚਕਾਰ ਇਕ ਮੇਜ਼ ਅਰ ਉਸਦੇ ਆਮੋ ਸਾਮ੍ਹਨੇ ਦੋ ਕੁਰਸੀਆਂ ਡਠੀਆਂ ਹੋਈਆਂ ਖਾਲੀ ਪਈਆਂ ਹਨ,



Sri Satguru Jagjit Singh Ji eLibrary NamdhariElibrary@gmail.com

ਹੋਰ ਬਹੁਤ ਸਾਰੇ ਲੋਗ ਆ ਕੇ ਦਰੀਆਂ ਪਰ ਬੈਠਦੇ ਜਾਂਦੇ ਸਨ, ਜਿਸ ਤੇ ਥੋੜੇ ਨੀ ਅਰਸੇ ਵਿਚ ਬਹੁਤ ਆਦਮੀ ਕੱਠੇ ਹੋ ਗਏ ਅਤੇ ਦੇਖ ਰਹੇ ਸਨ ਕਿ ਪੰਡਤ ਜੀ ਕਦੋਂ ਆਉਂਦੇ ਹਨ ॥

ਇਤਨੇਂ ਚਿਰ ਵਿਚ ਸਾਧੂ ਜੀ ਆਇ ਗਏ ਜਿਨ੍ਹਾਂ ਨੂੰ ਦੇਖਕੇ ਲੋਗਾਂ ਨੇ ਤਾਲੀਆਂ ਬਜਾਈਆਂ ਅਤੇ ਉਹ ਆਕੇ ਕੁਰਸੀ ਪਰ ਬੈਠ ਗਏ, ਅਤੇ ਬੈਠਦੇ ਸਾਰ ਹੀ ਮੁਖਾਰਬਿੰਦ ਤੇ ਇਹ ਕਥਨ ਕੀਤਾ ਕਿ ਜਿਸ ਕਿਸੇ ਨੂੰ ਸਾਡੇ ਵਖਜਾਨ ਵਿਚ ਕੁਛ ਸੰਸਜ ਹੈ ਉਹ ਉਠ ਕੇ ਕੁਰਸੀ ਪਰ ਬੈਠ ਜਾਏ ਅਰ ਪ੍ਰਸ਼ਨ ਕਰੇ, ਪ੍ਰੰਤੂ ਉਸ ਨੂੰ ਯਾਦ ਰਖਣਾ ਚਾਹੀਦੇ ਕਿ ਜੇ ਹਾਰ ਜਾਏਗਾ ਉਸ ਨੂੰ ਕੁਰਸੀ ਤੇ ਉਤਰ ਕੇ ਹੇਠਾਂ ਬੈਠਨਾ ਪਏਗਾ ॥

**ਦੋਹਿਰਾ**—ਏਸ ਬਾਤ ਨੂੰ ਸੁਨਦਿਆਂ ਕੰਬ ਗਏ ਸਭ ਲੋਗ !
ਕੁਰਸੀ ਉੱਤੋਂ ਹਾਰਕੇ ਗਿਰਨਾ ਜਾਨ ਅਜੋਗ ॥੧੦॥
ਬਿਤ੍ਰ ਬਿਤ੍ਰ ਸਨ ਦੇਖਦੇ ਇਕ ਦੂਜੇ ਦੀ ਵੱਲ।
ਸਨਮੁਖ ਹੋ ਕੇ ਸਾਧ ਦੇ ਕਰੇ ਨ ਕੋਈ ਗੱਲ ॥੧੧॥
ਪਰ ਇਕ ਮੁਸਲਮਾਨ ਸੀ ਪੜ੍ਹਿਆ ਖੂਬ ਕੁਰਾਨ।
ਤਿਨ ਇਲਹਾਮੀ ਵੇਦ ਪਰ ਚਾਹੀ ਤਰਕ ਉਠਾਨ ॥੧੨॥

**ਚੌਪਈ**—ਇਤਵਲ ਸੁਆਮੀ ਮੋਟਾ ਭਾਰਾ।
ਉਤ ਉਹ ਪਤਲਾ ਮੀਆਂ ਵਿਚਾਰਾਂ ॥
ਜਦ ਕੁਰਸੀ ਪਰ ਬੈਠਾ ਆਕੇ ।
ਕੰਬਨ ਲੱਗਾ ਅਤਿ ਡਰ ਖਾਕੇ ॥
ਕੁਰਸੀ ਪਰ ਬੈਠਨ ਦੇ ਵੇਲੇ।
ਕੰਬਿਆ ਪੌਣ ਨਾਲ ਜਿਉਂ ਕੇਲੇ ॥
ਹੇਠਾਂ ਲੱਤਾਂ ਥਰ ਥਰ ਡਰਸਨ।
ਉਪਰ ਹੱਥ ਨਿਰਤ ਸੀ ਕਰਸਨ ॥
ਅੱਖਾਂ ਅਗੇ ਧੁੰਦ ਮਚਾਈ ।



Sri Satguru Jagjit Singh Ji eLibrary NamdhariElibrary@gmail.com

ਐਸੀ ਉਸਨੂੰ ਦਹਸ਼ਤ ਆਈ ॥
ਏਧਰ ਸੁਆਮੀ ਊਚ ਪੁਕਾਰੇ ।
ਕਿਉਂ ਕਾਂਪਤ ਹੋ ਬਨੋ ਕਰਾਰੇ ॥
ਸਾਬਧਾਨ ਹੋਕਰ ਮੁਖ ਬੋਲੋ ।
ਅਪਨੇ ਮਨ ਦਾ ਪੜਦਾ ਖੋਲੋ ।
ਕਜਾ ਸ਼ੰਕਾ ਤੁਮਾਰੀ ਹੈ ਭਾਖੋ ।
ਗੋਪ ਨ ਹਮਰੇ ਆਗੇ ਰਾਖੋ ॥੧੩॥

**ਦੋਹਿਰਾ**--ਕਹੀ ਮੌਲਵੀ ਡਰਦਿਆਂ ਵੇਦ ਨਹੀਂ ਇਲਹਾਮ ।
ਜਿਸਤੇ ਰਚਨਾ ਇਨ੍ਹਾ ਦੀ ਅਹੇ ਪੁਰਖ ਕੋ ਕਾਮ ॥੧੪॥

**ਭਾਵ**--ਉਸ ਮੌਲਵੀ ਦੇ ਦਿਲ ਵਿਚ ਕੁਛ ਐਸਾ ਭੈ ਬੈਠ ਗਿਆ ਜੋ ਅੱਛੀ ਤਰ੍ਹਾਂ ਬੋਲ ਭੀ ਨਹੀਂ ਸਕਦਾ ਸੀ ਅਰ ਓੜਕ ਨੂੰ ਜਦ ਬੋਲਜਾ ਤਦ ਏਹੋ ਆਖੀ ਕਿ ਵੇਦ ਇਲਹਾਮੀ ਨਹੀਂ ਹਨ, ਕਿਉਂਕਿ ਇਹ ਆਦਮੀਆਂ ਦੇ ਬਨਾਏ ਹੋਏ ਹਨ ॥

**ਦੋਹਿਰਾ**--ਬਾਤ ਮੌਲਵੀ ਦੀ ਸੁਨੀ. ਜਦੋਂ ਸਾਧ ਨੇ ਏਹ ॥
ਨਾਲ ਮਖੌਲ ਉਡਾਇਆ ਕੰਬੀ ਜਿਸਦੀ ਦੇਹ ॥੧੫॥

**ਭਾਵ**--ਜਦ ਉਸ ਮੌਲਵੀ ਦੀ ਇਤਨੀ ਬਾਤ ਸੁਨੀ ਤਦ ਸਾਧੂ ਦਜਾਨੰਦ ਜੀ ਨੇ ਉਸਥੋਂ ਇਸ ਤਰ੍ਹਾਂ ਪੁਛਿਆ ਜਿਸਤੇ ਉਹ ਸ਼ਰਮਿੰਦਾ ਹੋ ਕੇ ਕੰਬਨ ਲਗ ਗਿਆ. ਯਥਾ--

ਸਾਧੂ--ਤੁਮ੍ਹਾਰੇ ਮਤ ਮੇਂ ਜਗਤ ਕੋ ਕੌਨ ਬਨਾਤਾ ਹੈ ?
ਮੌਲਵੀ--ਹਮਾਰੀ ਦੀਨੀ ਕਤਾਬ ਮੇਂ ਸਭ ਕਾ ਪੈਦਾ ਕਰਤਾ ਖੁਦਾ ਬਤਲਾਇਆ ਹੈ ॥
ਸਾਧੂ--ਤੁਮਕੋ ਇਸ ਦੁਨੀਆਂ ਮੇਂ ਕਿਸਨੇ ਉਤਪੰਨ ਕੀਆ ?
ਮੌਲਵੀ--ਖੁਦਾ ਨੇ ?
ਸਾਧੂ--ਤੁਮਾਰੇ ਸ਼ਰੀਰ ਕੋ ਸੁਖ ਵ ਦੁਖ ਕੌਨ ਦੇਤਾ ਹੈ ?



Sri Satguru Jagjit Singh Ji eLibrary NamdhariElibrary@gmail.com

ਮੌਲਵੀ–ਖੁਦਾ ?

ਸਾਧੂ–ਤੁਮਕੋ ਤੁਰਤਾ ਫਿਰਾਤਾ ਕੌਣ ਹੈ ?

ਮੌਲਵੀ–ਖੁਦਾ ?

ਸਾਧੂ–ਫਿਰ ਬੁਰੇ ਕਾਮੋਂ ਕਾ ਕਰਾਨੇ ਵਾਲਾ ਤੋ ਖੁਦਾ ਨਾ ਹੂਆ ਜਿਸਤੇ ਤੁਮ੍ਹਾਰਾ ਯਹ ਕਹਿਨਾ ਕਿ ਉਸ ਕੀ ਆਗਜਾ ਸੇ ਬਿਨਾਂ ਏਕ ਜ਼ਰਰਾ ਭੀ ਨਹੀਂ ਹਿਲਤਾ ਸੋ ਮਿੱਥਯਾ ਹੂਆ ?

ਮੌਲਵੀ–ਘਬਰਾ ਕਰ ਕਹਨੇ ਲਗਾ ਕਿ ਮੇਰਾ ਮਤਲਬ ਯਹ ਹੈ ਕਿ ਜੋ ਕੁਛ ਹਮ ਕਰਤੇ ਹੈਂ ਸੋ ਖੁਦਾ ਹੀ ਹਮ ਸੇ ਕਰਾਤਾ ਹੈ।

ਸਾਧੂ–ਯਹ ਤੋ ਵਹੀ ਬਾਤ ਹੈ ਪ੍ਰਤੂ ਹਮ ਦੂਰਜਨ ਤੋਸ਼ ਨਜਾਇ ਸੇ ਜੇ ਮਾਨ੍ਹੀਂ ਭੀ ਲੇਂ ਤੋਂ ਭੀ ਹਮ ਕੋ ਬਤਾਓ ਜੋ ਤੁਮ ਕੋ ਚਲਾਤਾ ਫਿਰਾਤਾ ਕੌਨ ਹੈ ?

ਮੌਲਵੀ–ਖੁਦਾ ?

ਸਾਧੂ--ਤੁਮ ਕੋ ਖਲਾਤਾ ਪਲਾਤਾ ਕੌਨ ਹੈ ?

ਮੌਲਵੀ–ਖੁਦਾ ॥

ਸਾਧੂ–ਮਾਲੂਮ ਹੋਤਾ ਹੈ ਕਿ ਖੁਦਾ ਤੁਮ ਕੋ ਏਕ ਖ਼ਿਦਮਤਗਾਰ ਮਿਲ ਗਿਆ ਹੈ ਜੋ ਤੁਮ੍ਹਾਰੀ ਇਸ ਤਰ੍ਹਾਂ ਖ਼ਿਦਮਤ ਕਰਤਾ ਹੈ, ਖੈਰ ਤੁਮ ਯਹ ਤੋਂ ਬਤਾਓ ਜੇ ਤੁਮ ਕੋ ਕਪੜੇ ਕੋਨ ਪਹਰਾਤਾ ਹੈ ?

ਮੌਲਵੀ–ਖੁਦਾ ॥

ਸਾਧੂ–ਤੁਮ ਕੋ ਹਗਾਤਾ ਕੌਨ ਹੈ ?

ਮੌਲਵੀ–ਚੁਪ ॥

ਸਾਧੂ–ਕਹ ਦੋ ਕਿ ਖੁਦਾ ॥

**ਦੋਹਿਰਾ**–ਜਦ ਇਹ ਆਖੀ ਸਾਧ ਨੇ ਉਸ ਨੂੰ ਖੂਬ ਸੁਨਾਇ ।
ਸੁਨਲੈ ਹਾਰੇ ਸਰਬ ਹੀ ਹੱਸੇ ਹਿੜ ਹਿੜਰਾਇ ॥੧੬॥

**ਭਾਵ**--ਜਦ ਇਸ ਮਖੌਲ ਵਾਲੀ ਬਾਤ ਹੈ ਸਭ ਲੋਗਾਂ ਨੇ ਸੁਨਿਆ ਤਦ ਸਾਰੇ ਖਿੜ ਖਿੜਾ ਹੱਸ ਪਏ ਅਰ ਸੁਆਮੀ ਜੀ ਨੇ ਜਦ ਦੂਜੀ



Sri Satguru Jagjit Singh Ji eLibrary NamdhariElibrary@gmail.com

ਵੇਰ ਉਸ ਦੀ ਵਲ ਤਕ ਕੇ ਕਿਹਾ ਕਿ "ਕਹਿ ਦੋ ਖ਼ੁਦਾ" ਇਸ ਪਰ ਲੋਗਾਂ ਨੂੰ ਤਾਲੀਆਂ ਮਾਰੀਆਂ ਅਰ ਉਹ ਸ਼ਰਮਿੰਦਾ ਹੋ ਗਿਆ ਜਿਸ ਨੂੰ ਫਿਰ ਆਖਜਾ ਕਿ ਕੁਰਸੀ ਤੇ ਹੇਠ ਉਤਰ ਜਾਓ ਤੁਮ ਕੋ ਕੁਛ ਨਹੀ ਆਤਾ, ਤਦ ਉਹ ਬਸ਼ਰਮ ਹੋ ਕੇ ਦਰੀ ਪਰ ਹੋ ਬੈਠਾ।

***ਦੋਹਿਰਾ***—ਖਾਲੀ ਕੁਰਸੀ ਹੋ ਗਈ ਕਿਹਾ ਸਾਧ ਨੇ ਫੇਰ।
ਆਓ ਕੋਈ ਹੋਰ ਹੁਣ ਮਨ ਵਿਚ ਹੋਇ ਦਲੇਰ ॥੧੭॥

**ਭਾਵ**—ਜਦ ਉਹ ਸ਼ਰਮ ਖਾਕੇ ਹੇਠਾਂ ਬੈਠਾ ਤਦ ਦਯਾਨੰਦ ਜੀ ਨੇ ਫਿਰ ਉੱਚੀ ਅਵਾਜ਼ ਨਾਲ ਕਿਹਿਆ ਕਿ ਹੁਣ ਕੋਈ ਹੋਰ ਉਠੇ, ਜਿਸ ਪਰ ਇਕ ਲਾਹੌਰੀ ਪੰਡਤ ਮੱਥੇ ਨੂੰ ਵੱਡੇ ਟਿੱਕੇ ਲਗਾਏ ਹੋਏ ਉਠਯਾ ਅਰ ਬੈਠ ਕੇ ਸੰਸਕ੍ਰਿਤ ਵਿਚ ਬੋਲਨ ਲੱਗਾ ਜਿਸ ਨੂੰ ਸਾਧੂ ਜੀ ਨੇ ਆਖਿਆ ਕਿ ਤੁਮ ਸੰਸਕ੍ਰਿਤ ਨਹੀਂ ਬੋਲ ਸਕੋਗੇ, ਇਸ ਲੀਏ ਭਾਸ਼ਾ ਮੇਂ ਬੋਲੋਂ, ਇਤਨੀ ਬਾਤ ਪਰ ਭੀ ਉਹ ਭੀ ਸ਼ਰਮਿੰਦਾ ਹੋ ਗਿਆ ਅਰ ਚੁਪ ਕਰਕੇ ਹੇਠਾਂ ਬੈਠ ਗਿਆ, ਇਸ ਪਰ ਫਿਰ ਲੋਗਾਂ ਨੇ ਤਾਲੀਆਂ ਮਾਰੀਆ॥

***ਦੋਹਿਰਾ***—ਮੇਰੀ ਵਾਰੀ ਤੀਸਰੀ ਆਇ ਗਈ ਫਿਰ ਮੀਤ।
ਸੁਣ ਲਓ ਸਾਧੂ ਨਾਲ ਮੈਂ ਕੀਤੀ ਜੋਇ ਪਰੀਤ ॥੧੮॥

**ਭਾਵ**—ਜਦ ਸਾਧੂ ਜੀ ਨੇ ਤੀਜੀ ਵੇਰ ਫਿਰ ਆਖਯਾ ਕਿ ਕੋਈ ਹੋਰ ਉਠੋ ਤਦ ਮੈਂ ਓਸੇ ਵੇਲੇ ਖੜਾ ਹੋ ਗਿਆ, ਅਰ ਕੁਰਸੀ ਦੇ ਪਾਸ ਜਾ ਕੇ ਬੋਲਯਾ ਕਿ ਸੁਆਮੀ ਜੀ ਨੂੰ ਯਾਦ ਰਹੇ ਜੋ ਮੇਰਾ ਮੁਕਾਬਲਾ ਅਜੇਹਾ ਨਹੀਂ ਹੈ ਜੇਹਾ ਕਿ ਹੋਰਨਾਂ ਦਾ ਹੋਇਆ ਹੈ ਕਿੰਤੂ ਆਪ ਨੂੰ ਅੱਛੀ ਤਰਾਂ ਖਯਾਲ ਰਹੇ ਕਿ ਅੱਜ ਇਕ ਥੋਂ ਇਕ ਹੋ ਜਾਣੀ ਹੈ, ਅਰ ਮੇਰਾ ਪੱਖ ਵੇਦਾਂ ਦੇ ਈਸ਼ਵਰੀ ਹੋਣ ਦੇ ਖੰਡਨ ਪਰ ਹੋਵੇਗਾ ਜਿਸ ਤੇ ਸੁਆਮੀ ਜੀ ਦਾ ਧਰਮ ਹੈ ਜੋ ਮੇਰੇ ਇਸ ਕਥਨ ਨੂੰ ਖੰਡਨ ਕਰੇ ਅਤੇ ਅਪਨੀ ਯੁਕਤੀਆਂ ਨਾਲ ਵੇਦਾਂ ਨੂੰ ਈਸ਼ਵਰੀਯ ਸਾਬਤ ਕਰੇ ਮੇਰੀ ਇਸ



Sri Satguru Jagjit Singh Ji eLibrary NamdhariElibrary@gmail.com

ਦਲੇਰੀ ਵਾਲੀ ਬਾਤ ਨੂੰ ਸੁਨਦੇ ਸਾਰ ਸਭ ਲੋਗ ਚੁਪ ਚਾਪ ਹੋ ਗਏ ਅਰ ਸਾਡੇ ਦੋਨਾਂ ਵਲ ਤੱਕਨ ਲੱਗੇ।

**ਦੋਹਿਰਾ**—ਸੁਣਕੇ ਮੇਰੀ ਬਾਤ ਨੂੰ ਸਮਝਿਆ ਮਨ ਵਿਚ ਸਾਧ।
ਇਹ ਤਾਂ ਕੋਈ ਪਿੰਡ ਦੀ ਲੱਥੀ ਆਨ ਉਪਾਧ ॥੧੯॥
ਜਿਸ ਦੇ ਉੱਤਰ ਵਿਚ ਫਿਰ ਬੋਲੇ ਨਾਲ ਗ਼ਰੂਰ।
ਕਹੋ ਕਹੋ ਤੁਮ ਬਾਤ ਅਬ ਜੋ ਕੁਝ ਅਹੇ ਜ਼ਰੂਰ ॥੨੦॥

**ਭਾਵ**—ਇਤਨੀ ਬਾਤ ਨੂੰ ਸੁਨਦੇ ਸਾਰ ਸਾਧੂ ਦੇ ਦਿਲ ਨੂੰ ਕੁਝ ਗੁੱਸਾ ਜੇਹਾ ਆਯਾ ਅਰ ਉੱਚੇ ਦੇਖ ਕੇ ਆਖਿਆ ਕਿ ਤੁਸਾਂ ਨੇ ਜੋ ਕੁਛ ਕਹਿਣਾ ਹੈ ਸੋ ਬੈਠ ਕੇ ਆਖੋ, ਜਿਸ ਪਰ ਮੈਂ ਝੱਟ ਕੁਰਸੀ ਪਰ ਬੈਠ ਗਿਆ ਅਰ ਅਪਨੇ ਪ੍ਰਸੰਗ ਨੂੰ ਇਸ ਪਰਕਾਰ ਆਰੰਭ ਕੀਥਾ, ਯਥਾ—

## ਪ੍ਰਸ਼ਨ

**ਦੋਹਿਰਾ**—ਜੋ ਸੁਆਮੀ ਨੇ ਤਿੰਨ ਦਿਨ ਦੇ ਕਰਕੇ ਵੱਖਜਾਨ।
ਵੇਦ ਕਹੇ ਹਨ ਈਸ਼ਵਰੀ ਸੋ ਨਹਿੰ ਸੱਤ ਪਛਾਨ ॥੨੧॥
ਨਿਰਾਕਾਰ ਈਸ਼ਵਰ ਅਹੇ ਜਿਸ ਕੇ ਮੁਖ ਨਹਿੰ ਦਾਂਤ।
ਵੇਦ ਚਾਰ ਹੈਂ ਸ਼ਬਦ ਸੋ ਪਦ ਅੱਖਰ ਏਕਾਂਤ ॥੨੨॥

**ਭਾਵ**—ਸੁਆਮੀ ਜੀ ਨੇ ਤਿੰਨ ਦਿਨ ਵੱਖਜਾਨ ਦੇ ਕੇ ਇਹ ਪੱਖ ਸਾਬਤ ਕੀਤਾ ਹੈ ਕਿ ਵੇਦ ਈਸ਼ਵਰ ਕ੍ਰਿਤ ਹਨ ਪ੍ਰੰਤੂ ਇਸ ਵਿਚ ਮੇਰੀ ਇਹ ਸੰਕਾ ਹੈ ਕਿ ਵੇਦ ਬੈਖਰੀ ਬਾਣੀ ਰੂਪੀ ਹਨ, ਕਿਉਂਕਿ ਬਾਣੀ ਚਾਰ ਪ੍ਰਕਾਰ ਦੀ ਹੈ ਜਿਨ੍ਹਾਂ ਵਿਚੋਂ ਪਹਿਲੀ ਪ੍ਰਾ, ਦੂਜੀ ਪਸੰਤੀ, ਤੀਜੀ ਮੱਧਮਾਂ ਅਤੇ ਚੌਥੀ ਬੈਖਰੀ ਸਦਾਉਂਦੀ ਹੈ ਇਨ੍ਹਾਂ ਵਿਚੋਂ ਪ੍ਰਾਬਾਣੀ ਓਹ ਹੈ ਜੋ ਅਨਉਦ ਭੂਤ ਸੰਸਕਾਰ ਰੂਪ ਹੋ ਕੇ ਪੁਰਖ ਦੇ ਰਿਦੇ ਦੇ ਵਿਚ ਰਹਿੰਦੀ ਹੈ ਆਰਥਤ ਉਸ ਦਾ ਸੰਸਕਾਰ ਤਾਂ ਰਿਦੇ ਵਿਚ ਹੁੰਦਾ ਹੈ ਪ੍ਰੰਤੂ ਪ੍ਰਗਟ ਨਹੀਂ ਹੁੰਦੀ ਜੈਸਾ ਕਿ ਕਈ



Sri Satguru Jagjit Singh Ji eLibrary NamdhariElibrary@gmail.com

ਬਾਤਾਂ ਸਾਡੇ ਯਾਦ ਹਨ ਕਿੰਤੂ ਉਨ੍ਹਾਂ ਦੀ ਸਿਮ੍ਰਿਤੀ ਜਿਤਨਾ ਚਿਰ ਨਾ ਹੋਵੇ ਉਤਨਾ ਚਿਰ ਉਹ ਅਨ ਹੋਈਆਂ ਦੇ ਸਮਾਨ ਹੁੰਦੀਆਂ ਹਨ, ਇਸੀ ਵਾਸਤੇ ਪ੍ਰਾਬਾਣੀ ਦਾ ਗਯਾਨ ਸਿਮ੍ਰਿਤੀ ਹੋਏ ਤੇ ਬਿਨਾਂ ਉਸ ਦੇ ਆਸਰੇ ਅੰਤਹ ਕਰਨ ਯਾ ਪੁਰਖ ਨੂੰ ਭੀ ਨਹੀਂ ਹੋ ਸਕਦਾ ਜਿਸ ਤੇ ਇਹ ਬਾਤ ਸਭ ਨੂੰ ਅਨੁਭਵ ਸਿੱਧੀ ਹੈ ਕਿ ਸਾਰੇ ਪਦਾਰਥਾਂ ਦਾ ਗਯਾਨ ਇਕ ਕਾਲ ਵਿਚ ਸਦਾ ਹੀ ਪੁਰਖ ਨੂੰ ਨਹੀਂ ਰਹਿੰਦਾ, ਇਸ ਵਾਸਤੇ ਪਹਿਲੀ ਬਾਣੀ ਤਾਂ ਅਤੀ ਗੁਪਤ ਹੈ ਅਰ ਉਸ ਦਾ ਗਯਾਨ ਉਸਦੇ ਆਸਰੇ ਸਥੂਲ ਸਰੀਰ ਅਤੇ ਅੰਤਹ ਕਰਨ ਨੂੰ ਭੀ ਨਹੀਂ ਹੈ ।।

ਦੂਸਰੀ ਬਾਣੀ ਜੋ ਪਸੰਤੀ ਹੈ ਉਹ ਉਦਭਵ ਸੰਸਕਾਰ ਦਾ ਨਾਮ ਹੈ ਜਿਸ ਦਾ ਤਾਤ ਪ੍ਰਜ ਇਹ ਹੈ ਕਿ ਜਦ ਕਿਸੀ ਨਮਿੱਤ ਨੂੰ ਲੈ ਕੇ ਯਾ ਸੁਵਾਵਕ ਕੋਈ ਖਯਾਲ ਰਿਦੇ ਵਿਚ ਉਤਪਤ ਹੋ ਜਾਂਦਾ ਹੈ ਤਦ ਉਸ ਦਾ ਨਾਉਂ ਪਸੰਤੀ ਬਾਣੀ-ਆਖਦੇ ਹਨ ਕਿਉਂਕਿ ਇਹ ਵਾਰਤਾ ਹਰ ਇਕ ਪੁਰਖ ਪ੍ਰਤਿ ਅਨੁਭਵ ਸਿੱਧ ਹੈ ਜੋ ਕਿ ਉਹ ਇਕਾਂਤ ਸਥਾਨ ਵਿਚ ਬੈਠਾ ਕਈ ਪ੍ਰਕਾਰ ਦੀਆਂ ਬਾਤਾਂ ਜਿਹੜੀਆਂ ਹੋ ਚੁਕੀਆਂ ਅਰ ਹੁੰਦੀਆਂ ਅਤੇ ਹੋਣ ਵਾਲੀਆਂ ਹਨ ਉਨ੍ਹਾਂ ਦਾ ਚਿਤਨ ਕਰ ਸਕਦਾ ਹੈ ਜਿਸ ਤੇ ਉਸ ਦਾ ਨਾਮ ਇਸ ਪ੍ਰਕਾਰ ਸੂਖਮ ਰੂਪ ਬਾਣੀ ਹੋਣ ਤੇ ਪਸੰਤੀ ਕਰਕੇ ਸੱਦਦੇ ਹਨ ।।

ਤੀਸਰੀ ਬਾਣੀ ਦਾ ਨਾਮ ਮੱਧਮਾਂ ਹੈ ਸੋ ਮੱਧਮਾਂ ਦਾ ਅਰਥ ਵਿਚਕਾਰ ਵਾਲੀ ਹੈ ਜਿਸ ਦਾ ਭਾਵ ਇਹ ਹੈ ਕਿ ਜਦ ਉਹ ਪਸੰਤੀ ਚਿੰਤਨ ਕਰਨ ਦੁਵਾਰੇ ਅਗਲੀ ਅਵਸਥਾ ਨੂੰ ਪਹੁੰਚਦੀ ਹੈ ਤਦ ਆਪਨੇ ਮਨੋਰਥ ਨੂੰ ਪ੍ਰਗਟ ਕਰਨ ਲਈ ਕੰਠ ਵਿਚ ਆ ਜਾਂਦੀ ਹੈ ਫਿਰ ਓਸ ਦਾ ਨਾਉਂ ਮੱਧਮਾਂ ਕਰਕੇ ਸੱਦਯਾ ਜਾਂਦਾ ਹੈ ਜਿਸ ਤੇ ਹਰ ਇਕ ਆਦਮੀ ਆਖਦਾ ਸੁਨਿਆ ਜਾਂਦਾ ਹੈ ਕਿ ਮੈਂ ਫਲਾਨੀ ਬਾਤ ਨੂੰ ਆਖਣਾ ਸਾ ਪਰ ਮੇਰੇ ਕੰਠ ਵਿਚ ਹੀ ਰਹਿ ਗਈ ਕਿਉਂਕਿ ਇਹ ਬਾਣੀ ਪ੍ਰਾ ਅਤੇ ਪਸੰਤੀ ਨਾਲੋਂ ਵਧ ਕੇ ਕੰਠ ਵਿਚ ਆ ਗਈ ਹੈ ਇਸ ਵਾਸਤੇ ਇਸ ਦਾ ਨਾਉਂ ਮੱਧਮਾ ਕਰਕੇ ਆਖਯਾ ਜਾਂਦਾ ਹੈ।।



Sri Satguru Jagjit Singh Ji eLibrary NamdhariElibrary@gmail.com

ਚੌਥੀ ਬੈਖਰੀ ਬਾਨੀ ਓਹ ਹੈ ਜਿਸ ਨੂੰ ਮਨੁੱਖ ਅਪਨੇ ਮੁਖ ਦੁਆਰੇ ਬੋਲ ਕੇ ਗਭ ਪਰ ਪ੍ਰਗਟ ਕਰ ਦੇਂਦਾ ਹੈ, ਅਰ ਇਹ ਅਖੰਜਰ ਰੂਪ ਹੋ ਕੇ ਸਾਰੇ ਬਿਖਰ ਜਾਂਦੀ ਹੈ, ਕਿਉਂਕਿ ਜਿਸ ਵੇਲੇ ਪੁਰਖ ਕਿਸੇ ਪਾਸ ਅਪਨੇ ਮਨੋਰਥ ਨੂੰ ਬਾਣੀ ਨਾਲ ਪ੍ਰਗਟ ਕਰੇਗਾ ਤਦ ਇਹ ਬਾਤ ਜ਼ਰੂਰੀ ਹੋਵੇਗੀ ਜੋ ਉਹ ਅੱਖਰ ਬੋਲਦਾ ਚੱਲਜਾ ਜਾਏਗਾ, ਜਿਸ ਤੇ ਓਹ ਜੁਦੇ ਜੁਦੇ ਅੱਖਰ ਆਪਸ ਵਿਚ ਮਿਲ ਕੇ ਪਦ ਬਨਾਉਂਦੇ ਰਹਿਨਗੇ ਅਰ ਓਹੋ ਪਦ ਅੱਗੇ ਵਾਕ ਬਣਦੇ ਜਾਨਗੇ, ਜਿਸ ਤੇ ਇਕ ਬਾਣੀ ਦੀ ਸੂਰਤ ਬਣ ਜਾਏਗੀ ॥

ਇਸ ਬਾਤ ਨੂੰ ਹਰ ਇਕ ਆਦਮੀ ਮੰਨਦਾ ਹੈ ਕਿ ਅੱਖਰਾਂ ਦਾ ਸਮਦਾਇ ਪਦ ਹੈ ਅਤੇ ਪਦਾਂ ਦੇ ਸਮਦਾਇ ਨੂੰ ਵਾਕਯ ਆਖਦੇ ਹਨ ਅਰ ਵਾਕ ਹੀ ਮਿਲ ਕੇ ਇਕ ਕਥਾ ਕਹਾਣੀ ਦੀ ਸੂਰਤ ਬਨ ਜਾਂਦੇ ਹਨ ਜਿਨ੍ਹਾਂ ਨੂੰ ਪੁਰਖ ਇਕ ਰੇਖਾ ਦੇ ਢੰਗ ਪਰ ਲਿਆ ਕੇ ਕਾਗਤ ਪਰ ਲਿਖ ਦੇਂਦਾ ਹੈ, ਸੋਈ ਇਕ ਪੁਸਤਕ ਯਾ ਗ੍ਰੰਥ ਬਨ ਜਾਂਦਾ ਹੈ।

ਪ੍ਰੰਤੂ ਜਦ ਅਸੀਂ ਇਨ੍ਹਾਂ ਚਾਰਾਂ ਵੇਦਾਂ ਨੂੰ ਦੇਖਦੇ ਹਾਂ ਤਦ ਇਕ ਬੈਖਰੀ ਬਾਣੀ ਜੋ ਅੱਖਰ ਰੂਪ ਹੋ ਕੇ ਵਿਖਰੀ ਹੋਈ ਹੈ ਓਹ ਪਾਉਂਦੇ ਹਾਂ ਜਿਸ ਤੇ ਵੇਦਾਂ ਦੇ ਮੰਤਰ ਸਾਰੇ ਬਵੰਜਾ ਅੱਖਰਾਂ ਦੁਆਰੇ ਬੋਲੇ ਗਏ ਹਨ ਅਰ ਉਹ ਅੱਖਰ ਹੀ ਮਿਲ ਕੇ ਪਦ ਅਰ ਪਦ ਹੀ ਮਿਲ ਕੇ ਵਾਕ ਯਾ ਮੰਤਰ ਹੋ ਗਏ ਹਨ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਵੇਦ ਪ੍ਰ, ਪਸੰਤੀ ਅਤੇ ਮੱਧਮਾਂ ਬਾਣੀਆਂ ਨਹੀਂ ਰਹੇ ਕਿੰਤੂ ਕੇਵਲ ਬੈਖਰੀ ਬਾਣੀ ਰੂਪ ਹਨ ॥

ਹੁਣ ਇਸ ਵਿਚ ਇਤਨਾ ਪ੍ਰਸ਼ਨ ਹੈ ਕਿ ਬੈਖਰੀ ਬਾਣੀ ਅੱਖਰਾਂ ਦੇ ਉਚਾਰਨ ਬਿਨਾਂ ਨਹੀਂ ਬੋਲੀ ਜਾਂਦੀ, ਕਿਉਂਕਿ ਜਿਤਨਾ ਚਿਰ ਅੱਖਰ ਉਚਾਰਨ ਨਹੀਂ ਹੋਵੇਗਾ ਉਤਨਾ ਚਿਰ ਕੋਈ ਪਦ ਯਾ ਵਾਕ ਨਹੀਂ ਬਨੇਗਾ, ਇਸ ਵਾਸਤੇ ਵੇਦ ਜੋ ਇਕ ਅੱਖਰ-ਪਦ ਅਤੇ ਵਾਕ ਰੂਪ ਹੈ ਇਸੀ ਤੇ ਬੈਖਰੀ ਬਾਣੀ ਹੈ, ਜੋਂ ਪੰਜ ਭੂਤਕ ਦੇਹ ਧਾਰੀ ਦੀ ਹੈ, ਤਾਂਤੇ ਇਸ ਅੱਖਰਾਂ ਵਾਲੀ ਬੋਲੀ ਦੇ ਉਚਾਰਨ ਲਈ ਅਵੱਸ਼



Sri Satguru Jagjit Singh Ji eLibrary NamdhariElibrary@gmail.com

ਕਿਸੇ ਦੇਹ ਧਾਰੀ ਦੀ ਲੋੜ ਹੈ, ਕਿਉਂਕਿ ਇਹ ਨਿਯਮ ਹੈ ਜੋ ਸੰਸਕ੍ਰਿਤ ਦੇ ਅੱਖਜ਼ਰਾਂ ਦੇ ਉਚਾਰਨ ਲਈ ਉਨ੍ਹਾਂ ਦੇ ਉਪਯੋਗੀ ਅਸਥਾਨਾਂ ਦੀ ਲੋੜ ਹੈ, ਜੈਸਾ ਕਿ ਕਈ ਅੱਖਰ ਤਾਲੂ ਨਾਲ ਕਈ ਹੋਠਾਂ ਨਾਲ ਕਈ ਕੰਠ ਨਾਲ ਅਤੇ ਕਈ ਦੰਦਾਂ ਨਾਲ ਹੀ ਉਚਾਰਨ ਹੁੰਦੇ ਹਨ, ਜਿਸ ਤੇ ਉਨ੍ਹਾਂ ਨੂੰ ਤਾਲਵੀ ਕੰਠੀਯ ਓਸ਼ਟੀ ਅਤੇ ਦੰਤੀ ਆਦਿਕ ਕਰ ਕੇ ਸੱਦਦੇ ਹਨ ॥

ਜਦ ਇਹ ਨਿਯਮ ਹੈ ਕਿ ਜੋ ਅੱਖਰ ਜਿਸ ਜਗ੍ਹਾ ਉਚਾਰਨ ਦੇ ਜੋਗ ਹਵੇ ਸੋ ਓਸ ਜਗ੍ਹਾ ਉਚਾਰਨ ਕੀਤਾ ਜਾਏ, ਤਦ ਇਹ ਬਾਤ ਮੰਨਣੀ ਪਏਗੀ ਕਿ ਵੇਦਾਂ ਦੇ ਉਚਾਰਨ ਵਾਲਾ ਕੋਈ ਐਸਾ ਪੁਰਸ਼ ਸਾ ਜਿਸ ਦੇ ਕੰਠ, ਤਾਲੂ ਆਦਿਕ ਅੰਗ ਸਨ, ਸੋ ਐਸਾ ਕੇਵਲ ਕੋਈ ਸਥੂਲ ਦੇਹ ਧਾਰੀ ਪੁਰਖ ਹੀ ਹੋ ਸਕਦਾ ਹੈ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਵੇਦ ਈਸ਼ਵਰਜ ਬਾਣੀ ਨਹੀਂ ਕਿੰਤੂ ਪੌਰੁਖੇਯ ਅਰਥਾਤ ਕਿਸੇ ਪੁਰਖ ਦੀ ਬਨਾਈ ਹੋਈ ਬੈਖਰੀ ਬਾਣੀ ਰੂਪ ਹੈ ॥

ਕਲਪਨਾਂ ਕਰੋ ਕਿ ਜੇ ਇਸ ਬਾਤ ਨੂੰ ਮੰਨਜਾ ਭੀ ਜਾਏ ਕਿ ਵੇਦ ਈਸ਼ਵਰ ਨੇ ਹੀ ਉਚਾਰਨ ਕੀਤੇ ਹਨ ਤਦ ਉਸ ਦਾ ਅਕਾਰ ਮਨੁੱਖ ਵਰਗਾ ਅਵੱਸ਼ ਮੰਨਨਾ ਪਵੇਗਾ, ਕਿਉਂਕਿ ਜਿਤਨਾ ਚਿਰ ਇਹ ਨਾ ਮੰਨਜਾ ਜਾਏ ਤਦ ਤਕ ਵੇਦਾਂ ਦੇ ਅੱਖਰ ਉਚਾਰਨ ਨਹੀਂ ਹੋਨਗੇ ਅਰ ਜੇ ਅੱਖਰ ਨਾ ਉਚਾਰੇ ਗਏ ਤਦ ਵੇਦਾਂ ਦੀਆਂ ਰਿਚਾਂ ਜੋ ਬੈਖਰੀ ਬਾਣੀ ਰੂਪ ਹਨ ਜਦ ਇਹ ਨਹੀਂ ਬਣਨਗੀਆਂ ਅਤੇ ਜਦ ਇਹ ਨਾਂ ਬਣੀਆਂ ਤਦ ਇਹ ਚਾਰੇ ਵੇਦ ਭੀ ਨਹੀਂ ਹੋਨਗੇ ॥

ਸਾਥ ਇਹ ਭੀ ਜਾਨਨਾ ਜੋਗ ਹੈ ਕਿ ਬੈਖਰੀ ਬਾਣੀ ਪਹਿਲੀਆਂ ਜੋ ਚਾਰੇ ਬਾਣੀਆਂ ਹਨ ਉਨ੍ਹਾਂ ਦਾ ਗਜਾਨ ਕਿਸੇ ਨੂੰ ਭੀ ਨਹੀਂ ਹੁੰਦਾ ਜਿਤਨਾ ਚਿਰ ਉਹ ਅੱਖਰ ਰੂਪ ਹੋ ਕੇ ਨਾ ਵਿਖਰ ਜਾਣ, ਇਸ ਵਾਸਤੇ ਜੇ ਵੇਦ ਈਸ਼ਵਰ ਦੀ ਪ੍ਰਾ ਯਾ ਪਸੰਤੀ ਯਾ ਮਧਮਾਂ ਬਾਣੀ ਹੀ ਸਮਝੀ ਜਾਏ ਤਦ ਇਹ ਦੂਖਨ ਆਉਂਦਾ ਹੈ ਜੋ ਉਸ ਦਾ ਗਜਾਨ ਕਿਸੇ ਨੂੰ ਭੀ ਨਾ ਹੋਵੇ ਕਿਉਂਕਿ ਇਹ ਨਿਯਮ ਹੈ ਜੋ ਬੈਖਰੀ ਬਾਣੀ



Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਸਭ ਨੂੰ ਗਜ਼ਾਨ ਹੁੰਦਾ ਹੈ, "ਜੈਸਾ ਕਿ ਬਿਨ ਬੋਲੇ ਖੁਲ੍ਹੇ ਘਰ ਕੌਨ ਕੁਵਾਰਾ" ਕਥਨ ਹੈ ॥

ਇਸ ਜਗ੍ਹਾ ਜੇ ਸੁਆਮੀ ਜੀ ਈਸ਼ਵਰ ਨੂੰ ਸ਼ਰੀਰੀ ਮੰਨਨਗੇ ਅਰ ਵੇਦ ਨੂੰ ਬੈਖਰੀ ਬਾਣੀ ਸਾਬਤ ਕਰਨਗੇ ਤਦ ਇਹ ਦੋਖ ਆਵੇਗਾ ਜੋ ਈਸ਼ਵਰ ਭੀ ਘਟ ਪਦ ਵਾਂਗ ਸਾਕਾਰ ਹੋ ਜਾਨੇ ਤੇ ਨਾਸੀ ਹੋਵੇਗਾ, ਅਰ ਸ਼ਰੀਰੀ ਹੋਣ ਤੇ ਖਟ ਊਮਰੀ ਆਦਿਕ ਵਿਕਾਰਾਂ ਅਤੇ ਪੰਚ ਕਲੇਸ਼ਾਂ ਵਾਲਾ ਸਮਝਿਆ ਜਾਏਗਾ, ਅਰ ਇਸ ਤੋਂ ਬਿਨਾਂ ਇਕ ਹੋਰ ਵੱਡਾ ਭਾਰੀ ਦੋਸ਼ ਇਹ ਆਵੇਗਾ ਕਿ ਦ੍ਰਿਸਮਾਨ ਸਭ ਨਾਸੀ ਹੋਣ ਤੇ ਈਸ਼ਵਰ ਭੀ ਨਾਸੀ ਹੋ ਜਾਏਗਾ, ਜਿਸ ਤੇ ਨਿੱਤ, ਅਮਰ ਆਦਿਕ ਜੋ ਈਸ਼ਵਰ ਦੇ ਗੁਣ ਹਨ ਸੋ ਸਭ ਦੂਰ ਹੋ ਜਾਨਗੇ, ਜਿਸ ਦਾ ਫਲ ਇਹ ਹੋਵੇਗਾ ਜੋ ਈਸ਼ਵਰ ਵੇਦਾਂ ਨੂੰ ਰਚਦਾ ਰਚਦਾ ਆਪ ਨੂੰ ਹੀ ਨਾਸ ਕਰ ਲਏਗਾ ਅਤੇ ਜੀਵ ਜੈਸੀ ਪਦਵੀ ਨੂੰ ਧਾਰਨ ਕਰੇਗਾ।

ਜੇ ਇਸ ਦੋਸ਼ ਤੋਂ ਡਰਦਿਆਂ ਈਸ਼ਵਰ ਨੂੰ (ਅਕਾਇ) ਅਰਥਾਤ ਸ਼ਰੀਰ ਰਹਿਤ 'ਮੰਨੋਗੇ ਤਦ ਉਸ ਦੇ ਕੰਠ ਤਾਲੂ ਆਦਿਕ ਨਹੀਂ ਹੋਨਗੇ ਅਰ ਜੇ ਉਹ ਨਾ ਹੋਏ ਤਦ ਵੇਦਾਂ ਦੇ ਅੱਖਰ ਨਹੀਂ ਉਚਰੇ ਜਾਨਗੇ, ਅਰ ਜੇ ਅੱਖਰ ਹੀ ਨਾ ਉਚਰੇ ਗਏ ਤਦ ਨਾ ਵੇਦ ਬਣ-ਨਗੇ ਤੇ ਨਾ ਉਨ੍ਹਾਂ ਦਾ ਕਰਤਾ ਈਸ਼ਵਰ ਹੀ ਸਿੱਧ ਹੋਏਗਾ, ਇਸ ਵਾਸਤੇ ਦੋਨੋਂ ਯੁਕਤੀਆਂ ਨਾ ਸਹਾਰਨ ਕਰਕੇ ਈਸ਼ਵਰ ਕਿਸੀ ਤਰ੍ਹਾਂ ਭੀ ਵੇਦਾਂ ਦਾ ਕਰਤਾ ਨਹੀਂ ਹੈ, ਜਿਸ ਵਾਸਤੇ ਓੜਕ ਨੂੰ ਮੰਨਨਾ ਪੈਂਦਾ ਹੈ ਕਿ ਕਿਵੇਂ ਵੇਦਾਂ ਦਾ ਕਰਤਾ ਕੋਈ ਆਦਮੀ ਹੈ, ਅਤੇ ਈਸ਼ਵਰ ਨਹੀਂ ਹੈ ॥

**ਦੋਹਿਰਾ**--ਉਭੈ ਪਾਸ ਰੱਜੂ ਅਹੇ ਪ੍ਰਤਿ ਵਾਦੀ ਗਲ ਮਾਹਿ ॥
ਜਾਂਤੇ ਦੋਨ ਪ੍ਰਕਾਂਰ ਤੇ ਵੇਦ ਸਿੱਧ ਹੁਇ ਨਾਹਿ ॥੨੩॥

**ਭਾਵ**--ਇਸ ਦਾ ਭਾਵ ਇਹ ਹੈ ਕਿ ਉਭੈ ਪਾਸ ਰਜੂ ਨਜਾਇ ਦੀ ਤਰ੍ਹਾਂ ਸੁਆਮੀ ਜੀ ਨੂੰ ਹੁਨ ਦੋਨੋਂ ਤਰ੍ਹਾਂ ਕਠਨ ਹੈ, ਕਿਉਂਕਿ ਜੇ



Sri Satguru Jagjit Singh Ji eLibrary NamdhariElibrary@gmail.com

ਈਸ਼ਵਰ ਨੂੰ ਸ਼ਰੀਰੀ ਮੰਨਨਗੇ ਤਦ ਓਹ ਅਨਿੱਤ ਹੋ ਜਾਏਗਾ ਅਤੇ ਜੇ ਅਸ਼ਰੀਰੀ ਆਖਨਗੇ ਤਦ ਸੰਸਕ੍ਰਿਤ ਦੇ ਅੱਖਰ ਉਚਾਰਨ ਦੇ ਸਥਾਨਾ ਦਾ ਅਭਾਵ ਹੋਨ ਤੇ ਵੇਦਾਂ ਦਾ ਅਭਾਵ ਹੋ ਜਾਏਗਾ, ਇਸ ਵਾਸਤੇ ਮੈਂ ਜਾਨਦਾ ਹਾਂ ਕਿ ਵੇਦ ਮਨੁੱਖ ਰਚਤ ਹਨ, ਜਿਸ ਵਿਚ ਕੋਈ ਦੋਸ਼ ਨਹੀਂ ਆਉਂਦਾ ਕਿਉਂਕਿ ਆਦਮੀ ਹੀ ਪੁਸਤਕ ਬਨਾਉਂਦੇ ਹਨ, ਤਾਂਤੇ ਇਹ ਵੀ ਆਦਮੀਆਂ ਨੇ ਹੀ ਬਨਾਏ ਹਨ, ਸੋ ਇਸ ਪ੍ਰਸ਼ਨ ਦਾ ਉੱਤਰ ਸੁਆਮੀ ਜੀ ਵਿਚਾਰ ਕੇ ਦੇਣ ॥

**ਦੋਹਿਰਾ**--ਸੁਨਕੇ ਸਾਰਾ ਸਾਧ ਨੇ ਚੱਕਰ ਦਿੱਤਾ ਹੋਰ।
ਚੋਰਾਂ ਉਪਰ ਪਾਉਂਦਾ ਦੇਖੋ ਕੈਸੇ ਮੋਰ ॥੨੪॥
ਮੇਰੇ ਸਾਰੇ ਵਚਨ ਨੂੰ ਛਬਿਆ ਐਸੇ ਢੰਗ।
ਸੁਨਨੇ ਵਾਲੇ ਹੋਨਗੇ ਇਸ ਪਰ ਡਾਢ ਦੰਗ ॥੨੫॥

**ਭਾਵ**--ਮੇਰੇ ਇਸ ਕਥਨ ਨੂੰ ਸੁਣਕੇ ਸੁਆਮੀ ਜੀ ਨੇ ਇਕ ਅਜੇਹਾ ਚੱਕਰ ਦਿਤਾ ਜ ਆਮ ਲੋਗ ਉਸ ਨੂੰ ਨਹੀਂ ਸਮਝ ਸਕਦੇ ਸੇ ਜਿਸ ਤੇ ਸੁਨਨੇ ਜਾਲਜਾ ਨੂੰ ਇਹ ਪਤਾ ਨਾ ਲੱਗਜਾ ਕਿ ਇਸ ਦਾ ਪ੍ਰਸ਼ਨ ਕਿਆ ਹੈ ਅਤੇ ਸਾਧੂ ਜੀ ਉੱਤਰ ਕਿਸ ਦਾ ਦੇ ਰਹੇ ਹਨ ਕਿੰਤੂ ਉਹ ਇਹ ਸਾ ਜੋ ਉਨ੍ਹਾਂ ਨੇ ਮੇਰੇ ਸਾਰੇ ਪ੍ਰਸੰਗ ਨੂੰ ਛੱਡ ਕੇ ਕੇਵਲ ਇਕ ਬਾਤ ਨੂੰ ਪਕੜ ਲੀਤਾ ਅਰ ਓਸੇ ਦਾ ਖੰਡਨ ਕਰਨ ਲਗ ਗਏ, ਅਰ ਇਸ ਤਰ੍ਹਾਂ ਬੋਲੇ ਜਿਸ ਤਰ੍ਹਾਂ ਹੁਨ ਮੂਢੋਂ ਆਪਨੇ ਮਤ ਦਾ ਮੰਡਨ ਕਰਦੇ ਹਨ, ਯਥਾ—

**ਉੱਤਰ**--ਦੇਖੋ ਇਹ ਆਖਦਾ ਹੈ ਕਿ ਚਾਰ ਪਰਕਾਰ ਦੀ ਬਾਣੀ ਵਿਚੋਂ ਪਰਾ, ਪਸੰਤੀ ਅਤੇ ਮਧਮਾਂ ਨੂੰ ਤਾਂ ਕੋਈ ਨਹੀਂ ਜਾਣਦਾ ਕਿੰਤੂ ਕੇਵਲ ਬੈਖਰੀ ਨੂੰ ਹੀ ਜਾਨ ਸਕੀਦਾ ਹੈ, ਪਰੰਤੂ ਮੈਂ ਇਸਤੇ ਪੁੱਛਦਾ ਹਾਂ ਕਿ ਜੇ ਤੇਰੇ ਕਥਨਾਨੁਸਾਰ ਇਨ੍ਹਾ ਤਿੰਨਾਂ ਬਾਣੀਆਂ ਨੂੰ ਕੋਈ ਨਹੀਂ ਜਾਨਦਾ ਤੋਂ ਤੂੰ ਕਿਸ ਤਰ੍ਹਾਂ ਜਾਣਦਾ ਹੈਂ, ਅਰ ਜੇ ਇਹ ਕਹੇ ਕਿ



Sri Satguru Jagjit Singh Ji eLibrary NamdhariElibrary@gmail.com

ਮੈਂ ਭੀ ਨਹੀ ਜਾਨਦਾ, ਤਾਂ "ਵੱਦਤੋ ਬਿਆਘਾਤ" ਅਰਥਾਤ "ਮਨ ਮੁਖ ਜੀਭਾ ਨਾਸਤੀ" ਦੀ ਤਰ੍ਹਾਂ ਇਸਦਾ ਕਥਨ ਠੀਕ ਨਹੀਂ ਹੈ ਕਿਉਂਕਿ ਜੇ ਕੋਈ ਕਹੇ ਕਿ ਮੇਰੇ ਮੁਖ ਵਿਚ ਜੀਭ ਨਹੀਂ ਤਦ ਉਸ ਪਰ ਏਹੋ ਪ੍ਰਸ਼ਨ ਹੁੰਦਾ ਹੈ ਕਿ ਜੇ ਤੇਰੇ ਮੂੰਹ ਵਿਚ ਨਹੀਂ ਤਾਂ ਤੂੰ ਕਿਸ ਨਾਲ ਬੋਲਦਾ ਹੈਂ ? ਤਾਂਤੇ ਜੇ ਇਹ ਚਾਰੇ ਬਾਣੀਆਂ ਨੂੰ ਨਹੀਂ ਜਾਨਦਾ ਤਾਂ ਦਸਦਾ ਹੈ ਕਯੋਂ ਹੈ ਅਰ ਜੇ ਜਾਣਦਾ ਹੈ ਤਾਂ ਸਾਬਤ ਹੋਇਆ ਜੋ ਸਾਰੇ ਲੋਗ ਜਾਣਦੇ ਹਨ, ਹੁਣ ਵਿਚਾਰੋ ਕਿ ਜੇ ਇਹ ਜਾਣਦਾ ਹੈ ਤਾਂ ਹੋਰ ਲੋਗ ਕਿਉਂ ਨਹੀਂ ਜਾਨਦੇ ਅਰ ਜੇ ਇਹ ਕਹੇ ਕਿ ਮੈਂ ਭੀ ਨਹੀਂ ਜਾਨਦਾ ਤਾਂ ਫਿਰ ਕਥਨ ਕਿਉਂ ਕਰਦਾ ਹੈ ਇਸ ਵਾਸਤੇ ਇਸਦਾ ਇਹ ਕਥਨ ਇਸ ਪਰਕਾਰ ਹੈ ਜਿਸ ਤਰ੍ਹਾਂ ਕੋਈ ਕਹੇ ਕਿ ਇਸ ਕੋਠੀ ਵਿਚ ਸੱਪ ਹੈ ਪਰ ਉਸਨੂੰ ਕੋਈ ਨਹੀਂ ਜਾਨਦਾ, ਐਸਾ ਆਖਨ ਵਾਲੇ ਪਰ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਜੇ ਉਸ ਸੱਪ ਨੂੰ ਕੋਈ ਨਹੀਂ ਜਾਨ ਸਕਦਾ ਤਾਂ ਤੂੰ ਕਿਸ ਤਰ੍ਹਾਂ ਜਾਨਦਾ ਹੈਂ ? ਜਿਸ ਪਰਕਾਰ ਕੋਠੀ ਵਿੱਚ ਸੱਪ ਦੱਸਕੇ ਆਖਨ ਵਾਲੇ ਦਾ "ਕੋਈ ਨਹੀਂ ਜਾਨਦਾ" ਕਥਨ ਕਰਨਾ ਝੂਠਾ ਹੈ ਏਸੇ ਪਰਕਾਰ ਇਸ ਦਾ ਭੀ ਚਾਰ ਪਰਕਾਰ ਦੀ ਬਾਣੀ ਦੱਸਕੇ ਫਿਰ ਆਖਨਾ ਕਿ "ਕੋਈ ਨਹੀਂ ਜਾਣਦਾ" ਕਥਨ ਝੂਠਾ ਹੈ, ਅਰ ਸਿੱਧ ਹੋਇਆ ਕਿ ਜਿਸ ਤਰ੍ਹਾਂ ਇਹ ਜਾਨਦਾ ਹੈ ਓਸੇ ਤਰ੍ਹਾਂ ਸਭ ਹੋਰ ਲੋਗ ਭੀ ਜਾਣਦੇ ਹਨ ॥

## ਪ੍ਰਸ਼ਨ

**ਦੋਹਿਰਾ**—ਮਾਰੀ ਏਹ ਉਖੇੜ ਸੀ ਚੁੱਕ ਸਾਧ ਨੇ ਮੀਤ ।
ਪਰ ਇਹ ਗਜਾਨੀ ਜਨਾਂ ਵਿਚ ਜਾਪੇ ਮਹਾਂ ਅਨੀਤ ॥੨੬॥
ਜਿਸ ਨੂੰ ਸੁਨਕੇ ਮੈਂ ਕਰਿਆ ਓਹੋ ਉਨ ਸੇ ਹੱਥ ।
ਰੋਕਿਆ ਨਾਲ ਦਲੀਲ ਦੇ ਵੱਡਾ ਯੁਵਤੀ ਗੱਥ ॥੨੭॥



Sri Satguru Jagjit Singh Ji eLibrary NamdhariElibrary@gmail.com

**ਭਾਵ**--ਜਦ ਸਾਧੂ ਜੀ ਅਪਨਾ ਸਾਰਾ ਉੱਤ੍ਰ ਦੇ ਚੁਕੇ ਤਦ ਮੈਂ ਭੀ ਉਨ੍ਹਾਂ ਨਾਲ ਏਹੋ ਹੱਥ ਕੀਤਾ ਜੋ ਉਨ੍ਹਾ ਨੇ ਮੇਰੇ ਨਾਲ ਕੀਤਾ ਸੀ, ਜਿਸ ਪਰ ਮੈਂ ਇਹ ਆਖਜਾ ਕਿ ਸੁਆਮੀ ਜੀ ਨੇ "ਵਦਤੋ ਬਜਾਘਾਤ" ਦੋਖ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਪਰਾ ਆਦਿਕ ਬਾਣੀਆਂ ਨੂੰ ਸਭ ਪ੍ਰਾਣੀ ਜਾਣਦੇ ਹਨ, ਇਸ ਵਾਸਤੇ ਹੁਣ ਮੈਂ ਸੁਆਮੀ ਜੀ ਤੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਚਾਰ ਅੱਖਰ ਬੋਲਣਾ ਚਾਹੁੰਦਾ ਹਾਂ, ਅਰ ਉਹ ਪਰਾ ਨਹੀਂ ਰਹੇ ਤੇ ਇਸੇ ਤਰ੍ਹਾਂ ਪਸੰਤੀ ਭੀ ਨਹੀਂ ਹਨ, ਕਿੰਤੂ ਉਹ ਮਧਮਾਂ ਬਾਣੀ ਰੂਪ ਹੋ ਕੇ ਮੇਰੇ ਕੰਠ ਵਿਚ ਠੈਹਰੇ ਹੋਏ ਹਨ ਜੋ ਅਜੇ ਬੈਖਰੀ ਨਹੀਂ ਹੋਏ, ਪਰੰਤੂ ਆਪ ਦੇ ਕਥਨ ਅਨੁਸਾਰ ਚਾਰੇ ਬਾਣੀਆ ਨੂੰ ਸਭ ਕੋਈ ਜਾਨਦਾ ਹੈ ਪਰ ਮੈਂ ਪਹਿਲੀਆਂ ਤਿੰਨਾਂ ਨੂੰ ਛੱਡ ਕੇ ਕੇਵਲ ਮੱਧਮਾਂ ਵਾਸਤੇ ਹੀ ਸੁਆਮੀ ਜੀ ਤੇ ਪੁੱਛਦਾ ਹਾਂ ਕਿ ਓਹ ਕਿਆ ਬਾਤ ਹੈ ਜੋ ਮੈਂ ਆਖਨਾ ਚਾਹੁੰਦਾ ਹਾਂ ॥

**ਦੋਹਿਰਾ**—ਪਰ ਹੁਣ ਐਥੇ ਠਹਰੀਏ ਕਰਾਂ ਨਬੇੜਾ ਇੱਕ ।
ਸਭ ਲੋਗਾਂ ਤੇ ਪੁੱਛ ਸਾਂ ਸਮਝਨ ਕਿੱਥੋਂ ਤਿੱਕ ॥੨੮॥

**ਭਾਵ**—ਫਿਰ ਇਸ ਦੇ ਨਾਲ ਮੈਂ ਇਹ ਆਖਜਾ ਕਿ ਸੁਆਮੀ ਜੀ ਦੀ ਪ੍ਰਤੱਗਜਾ ਇਹ ਹੈ ਕਿ ਜੋ ਚਾਰੇ ਬਾਣੀਆਂ ਨੂੰ ਸਾਰੇ ਲੋਕ ਜਾਨਦੇ ਹਨ, ਇਸ ਵਾਸਤੇ ਮੈਂ ਪਹਿਲਾਂ ਇਨ੍ਹਾਂ ਲੋਕਾਂ ਤੇ ਪੁੱਛਨਾ ਚਾਹੁੰਦਾ ਹਾਂ ਕਿ ਇਹ ਆਪ ਦੇ ਕਥਨਾਂਨੁਸਾਰ ਕਿਥੋਂ ਤੱਕ ਜਾਨਦੇ ਹਨ, ਇਤਨਾ ਆਖ ਕੇ ਮੈਂ ਅਪਨੇ ਖੱਬੇ ਪਾਸੇ ਦੇ ਲੋਕਾਂ ਵੱਲ ਮੂੰਹ ਕਰਕੇ ਕਿਹਾ ਕਿ ਭਾਈ ਦੱਸੋ ਖਾਂ ਜੋ ਮੈਂ ਕਜਾ ਆਖਣਾ ਹੈ, ਜਿਸ ਪਰ ਉਨ੍ਹਾਂ ਵਿਚੋਂ ਇਕ ਦੋ ਨੇ ਆਖਜਾ ਕਿ ਸਾਨੂੰ ਕੀ ਖਬਰ ਹੈ ਜੋ ਤੁਸੀਂ ਕਜਾ ਆਖੋਗੇ ?

ਇਸ ਤੇ ਮਗਰੋਂ ਫਿਰ ਸੱਜੇ ਪਾਸੇ ਵਲ ਦੇ ਲੋਕਾਂ ਤੇ ਪੁੱਛਿਆ



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਨੇ ਉਨ੍ਹਾਂ ਵਾਂਗ ਹੀ ਇਨਕਾਰ ਦਿਤਾ। ਇਹਨਾਂ ਤੋਂ ਮਗਰੋਂ ਸਾਹਮਣੇ ਵਾਲੇ ਆਦਮੀਆਂ ਤੋਂ ਇਹੋ ਸਵਾਲ ਪੁਛਿਆ ਜਿਸ ਪਰ ਸਭ ਲੋਗ ਹੱਸ ਪਏ ਅਰ ਆਖਨ ਲੱਗੇ ਕਿ ਸਾਨੂੰ ਕਿਆ ਖਬਰ ਹੈ ਜੋ ਤੁਸੀਂ ਕਿਆ ਪੁੱਛਨਾ ਚਾਹੁੰਦੇ ਹੋ, ਇਸਦਾ ਉਤ੍ਰ ਮੈਂ ਉਨ੍ਹਾਂ ਨੂੰ ਇਹ ਦਿੱਤਾ ਕਿ ਭਾਈਓ ਸੁਆਮੀ ਜੀ ਆਖਦੇ ਹਨ ਕਿ ਚਾਰ ਬਾਣੀਆਂ ਨੂੰ ਸਭ ਕੋਈ ਜਾਨਦਾ ਹੈ ਪਰ ਖੱਬੇ ਪਾਸੇ ਦੇ ਆਦਮੀਆਂ ਨੇ ਇਸ ਬਾਤੋਂ ਪੁੱਛਨ ਤੇ ਜਵਾਬ ਦਿਤਾ ਹੈ ਅਰ ਫਿਰ ਸੱਜੇ ਪਾਸੇ ਦੇ ਭੀ ਤਿੰਨਾਂ ਬਾਣੀਆਂ ਦੇ ਗਜਾਨ ਤੇ ਅਗਜਾਤ ਹਨ ਪਰੰਤੂ ਤੁਸੀਂ ਤਾਂ ਸੁਆਮੀ ਜੀ ਦੇ ਕਥਨ ਨੂੰ ਸੱਚਾ ਕਰੋ ਅਰ ਦਸੋ ਜੋ ਮੈਂ ਕਜਾ ਬੋਲਨਾ ਹੈ। ਇਸ ਕਥਨ ਨੂੰ ਸੁਨਕੇ ਸਭਨਾਂ ਨੇ ਕੰਨਾਂ ਪਰ ਹੱਥ ਧਰ ਲਏ ਅਰ ਕੋਈ ਨ ਬੋਲਜਾ ਅਤੇ ਹੱਸਨ ਲੱਗ ਗਏ ॥

ਜਦ ਸਾਰੇ ਦੇ ਸਾਰੇ ਇਨਕਾਰੀ ਪਾਏ ਤਦ ਮੈਂ ਸੁਆਮੀ ਜੀ ਨੂੰ ਆਖਜਾ ਕਿ ਆਪ ਦਾ ਕਥਨ ਜੋ ਇਹ ਹੈ ਕਿ ਸਾਰੇ ਲੋਗ ਸਭਨਾਂ ਬਾਣੀਆਂ ਨੂੰ ਜਾਣਦੇ ਹਨ ਸੋ ਸੱਚਾ ਨਹੀਂ ਹੈ ਕਿਉਂਕਿ ਮੇਰੇ ਪੁਛਨੇ ਪਰ ਕੋਈ ਭੀ ਨਹੀਂ ਦਸਦਾ ਜਿਸਤੇ ਸੁਆਮੀ ਜੀ ਦਾ ਕਥਨ ਬਿਲਕੁਲ ਝੂਠਾ ਹੈ ਅਰ ਮੇਰਾ ਖਜਾਲ ਸੱਚਾ ਹੈ ॥

**ਦੋਹਿਰਾ**—ਪਰ ਮੈਂ ਸ਼ਾਇਦ ਭੁੱਲਯਾ ਇਸ ਆਖਨ ਵਿਚ ਕੁਝ ॥
ਸ਼ਾਇਦ ਸੁਆਮੀ ਲੈਨਗੇ ਮੇਰੇ ਦਿਲ ਦੀ ਬੁੱਝ ॥੨੯॥
ਨਹੀਂ ਗਜਾਤੇ ਵੇਦ ਦੇ ਇਹ ਸਭ ਲੋਗ ਅਜਾਨ ॥
ਜਿਸਤੇ ਮੇਰੀ ਬਾਤ ਦਾ ਨਹੀਂ ਇਨ੍ਹਾਂ ਨੂੰ ਗਿਆਨ ॥੩੦॥
ਪਰ ਸੁਆਮੀ ਜੀ ਵੇਦ ਦੇ ਹਨ ਵੇਤੇ ਸਰਬੱਗ ॥
ਜਿਸਤੇ ਮੇਰੀ ਬਾਤ ਨੂੰ ਆਖਨ ਖੋਲ੍ਹ ਅਲੱਗ ॥੩੧॥

**ਭਾਵ**—ਮਾਲੂਮ ਹੁੰਦਾ ਹੈ ਕਿ ਮੈਂ ਇਸ ਜਗ੍ਹਾ ਭੁੱਲ ਕਰਦਾ ਹਾਂ ਕਿਉਂਕਿ ਜਿਨ੍ਹਾਂ ਅਨਪੜ੍ਹ ਲੋਗਾਂ ਤੇ ਪੁੱਛਦਾ ਹਾਂ ਸੋ ਵੇਦ ਨਹੀਂ ਜਾਣਦੇ ਅਰ ਨਾ ਉਹ ਸਰਬੱਗਜ ਹਨ, ਕਿੰਤੂ ਸੁਆਮੀ ਜੀ ਜੋ ਵੇਦ



Sri Satguru Jagjit Singh Ji eLibrary NamdhariElibrary@gmail.com

ਦੇ ਵੇਤਾ ਅਰ ਤੀਖਣ ਬੁਧਿ ਵਾਲੇ ਵਿੱਦਵਾਨ ਹਨ ਸੋ ਤਾਂ ਚਾਰੇ ਬਾਣੀਆਂ ਨੂੰ ਜ਼ਰੂਰ ਜਾਣਦੇ ਹੋਨ ਗੇ, ਇਸ ਵਾਸਤੋਂ ਮੈਂ ਹੁਣ ਸੁਆਮੀ ਜੀ ਤੇ ਪੁਛਦਾ ਹਾਂ, ਅਰ ਸਾਰੇ ਸਭਾ ਸਦਾ ਨੂੰ ਖਜਾਲ ਰਖਣਾ ਚਾਹੀਦਾ ਹੈ ਕਿ ਮੈਂ ਕਜਾ ਪੁੱਛਦਾ ਹਾਂ ਅਰ ਸੁਆਮੀ ਜੀ ਇਸਦਾ ਕਜਾ ਉੱਤਰ ਦੇਂਦੇ ਹਨ ॥

**ਦੋਹਿਰਾ**—ਇਤਨਾ ਸਭ ਨੂੰ ਦੱਸਕੇ ਪੁੱਛਿਆ ਸਾਧੂ ਫੇਰ।
ਦੱਸੋ ਖਾਂ ਹੁਣ ਸੰਤ ਜੀ ਕਜਾ ਮੈਂ ਆਖਾਂ ਟੇਰ ॥੩੨॥
ਏਹ ਲੋਗ ਤਾਂ ਮੂੜ ਹਨ ਨਹੀਂ ਜਾਨਦੇ ਰੰਚ।
ਤੁਮ ਗਜਾਤੇ ਹੋ ਵੇਦ ਦੇ ਸਮਝੋ ਗਤਿ ਪ੍ਰਪੰਚ ॥੩੩॥

**ਭਾਵ**—ਜਦ ਮੈਂ ਕਿਹਾ ਕਿ ਸੁਆਮੀ ਜੀ ਇਹ ਲੋਗ ਤਾਂ ਵੇਦ, ਵਿੱਦਜਾ ਤੇ ਹੀਨ ਹੋਨੇ ਦੇ ਕਾਰਨ ਮੇਰੀ ਮੱਧਮਾਂ ਬਾਣੀ ਨੂੰ ਨਹੀਂ ਜਾਂਣ ਸਕਦੇ ਪਰੰਤੂ ਆਪ ਹੀ ਦੱਸੋ ਕਿਉਂਕਿ ਆਪ ਤਾਂ ਵੇਦਾਂ ਦੇ ਗਜਾਤੇ ਹੋ ਅਰ ਨਾਲੇ ਆਪ ਦੀ ਇਹ ਪ੍ਰਤੱਗਜਾ ਹੈ ਕਿ ਚਾਰੇ ਬਾਣੀਆਂ ਨੂੰ ਸਭ ਜਾਣਦੇ ਹਨ, ਸੋ ਭਾਵੇਂ ਸਭ ਨਹੀਂ ਕਿੰਤੂ ਆਪ ਤਾਂ ਜ਼ਰੂਰ ਜਾਨਦੇ ਹੋਵੋਗੇ ਇਸ ਵਾਸਤੇ ਕਹੋ ਕਿ ਜੋ ਮੈਂ ਹੁਣ ਬੋਲਨਾ ਚਾਹੁੰਦਾ ਹਾਂ ਸੋ ਕਜਾ ਹੈ?

**ਉੱਤਰ**—ਭਈ ਤੁਮ ਕਹੋ ਤੋਂ ਸਹੀ ਜੋ ਤੁਮ੍ਹਾਰਾ ਮਨੋਰਥ ਹੈ ਜਿਸਕੋ ਹਮ ਸਮਝੇਂ ॥

**ਪ੍ਰਸ਼ਨ**—ਸੁਆਮੀ ਜੀ ਜੇ ਮੈਂ ਉਸਨੂੰ ਬੈਖਰੀ ਬਾਣੀ ਕਰ ਦਿੱਤਾ ਤਦ ਤਾਂ ਸਾਰੇ ਪੁਰਖ ਸਮਝ ਜਾਨਗੇ ਫਿਰ ਆਪ ਵਿਚ ਅਰ ਇਨ੍ਹਾਂ ਲੋਗਾਂ ਵਿਚ ਕਜਾ ਭੇਦ ਰਹੇਗਾ? ਇਸ ਵਾਸਤੇ ਆਪ ਦੇਰੀ ਨਾ ਕਰੋ ਛੇਤੀ ਦਸੋ ਜੋ ਮੈਂ ਕਜਾ ਆਖਣਾ ਹੈ ॥

**ਉੱਤਰ**—ਤੁਮ ਬਤਾਓ ਜੋ ਤੁਮ੍ਹਾਰੇ ਮਨ ਮੈਂ ਭਲਾ ਹਮਕੋ ਉਸ ਕੀ ਕਜਾ ਖਬਰ ਹੈ ਜਬ ਤਕ ਤੁਮ ਜ਼ਬਾਨੀ ਪ੍ਰਗਟ ਨ ਕਰੋਗੇ ॥



Sri Satguru Jagjit Singh Ji eLibrary NamdhariElibrary@gmail.com

**ਪ੍ਸ਼ਨ**—ਸੁਆਮੀ ਜੀ ਆਪ ਤਾਂ ਆਖਦੇ ਸੇ ਕਿ ਸਾਰੇ ਲੋਗ ਜਾਨਦੇ ਹਨ ਪਰੰਤੂ ਇਹ ਤਾ ਆਪ ਨੂੰ ਖਬਰ ਨਹੀਂ ਹੈ ਫਿਰ ਕਿਸ ਤਰ੍ਹਾਂ ਆਪ ਨੇ ਆਖਿਆ ਸਾ ਕਿ ਸਭ ਨੂੰ ਗਯਾਨ ਹੈ ॥

ਇਸ ਪਰ ਲੋਗਾਂ ਨੇ ਤਾਲੀਆਂ ਬਜਾਈਆਂ ਅਰ ਸਭ ਗਦ ਗਦ ਹੋ ਗਏ, ਪਰੰਤੂ ਜੋ ਉਨ੍ਹਾਂ ਦੇ ਬਹੁਤ ਸ਼ਰਧਾਲੂ ਭਗਤ ਜਨ ਸੇ ਸੋ ਚਿੱਤ ਵਿਚ ਮੁਰਝਾਇ ਗਏ, ਅਰ ਸੋਚਨ ਲਗੇ ਕਿ ਸੁਆਮੀ ਜੀ ਤਾਂ ਹੁਣ ਕੁਥਾਇ ਆਇ ਵਸੇ।

**ਉੱਤਰ**—ਤੁਮ ਸਮਯ ਵਿਅਰਥ ਨਾ ਖੋਵੋ ਜੋ ਤੁਮਾਰੀ ਇੱਛਾ ਹੈ ਸੋ ਪ੍ਰਗਟ ਕਰੋ ਹਮ ਕੋਈ ਈਸ਼ਵਰ ਨਹੀਂ ਜੋ ਤੁਮਾਰੇ ਮਨ ਕੀ ਬਾਤ ਪ੍ਰਗਟ ਕਰ ਸਕੇਂ ॥

**ਪ੍ਰਸ਼ਨ**—ਸੁਆਮੀ ਜੀ ਮੈਂ ਤਾਂ ਸਮਾਂ ਬਿਅਰਥ ਨਹੀਂ ਖੋ ਰਿਹਾ ਪਰੰਤੂ ਆਪ ਹੀ ਉੱਤਰ ਨਹੀਂ ਦੇਂਦੇ, ਇਸ ਵਾਸਤੇ ਜੇ ਆਪ ਨੂੰ ਸਮਯ ਦਾ ਲਿਹਾਜ਼ ਹੈ ਤਾਂ ਯਾ ਤਾਂ ਉੱਤ੍ਰ ਦੇਓ ਨਹੀਂ ਆਖੋ ਕਿ ਤਿੰਨ ਬਾਣੀਆਂ ਨੂੰ ਕੋਈ ਨਹੀਂ ਜਾਨਦਾ ਅਰ ਸਾਨੂੰ ਭੀ ਖਬਰ ਨਹੀਂ ਹੈ, ਜੋ ਉਹ ਕਿਆ ਹੁੰਦੀਆਂ ਹਨ ॥

**ਉੱਤਰ**—ਹਮ ਨਹੀਂ ਬਤਾ ਸਕਤੇ ਕਿ ਤੁਮਾਰੇ ਮਨ ਮੇਂ ਕਿਆ ਹੈ ਅਰ ਕਿਆ ਕਹੋਗੇ। ਜਬ ਬੋਲੋਗੇ ਤਬ ਹਮ ਉੱਤਰ ਦੇਂਗੇ ॥

**ਪ੍ਰਸ਼ਨ**—ਸੁਆਮੀ ਜੀ ਆਪ ਤਾਂ ਆਖਦੇ ਸੇ ਕਿ ਸਾਰੀਆਂ ਬਾਣੀਆਂ ਨੂੰ ਹਰ ਕੋਈ ਜਾਨਦਾ ਹੈ ਪਰੰਤੂ ਮੇਰੀ ਮਧਮਾਂ ਬਾਨੀ ਦੇ ਚਾਰ ਅੱਖਰਾਂ ਨੂੰ ਤਾਂ ਆਪਦੇ ਸਮੇਤ ਕੋਈ ਭੀ ਨਹੀਂ ਜਾਨਦਾ, ਜਿਸ ਨੂੰ ਤੁਸੀਂ ਆਪ ਅੰਗੀਕਾਰ ਕਰਦੇ ਹੋ ॥

**ਦੋਹਿਰਾ**—ਜੇ ਮੇਰੀ ਇਕ ਜੀਵ ਦੀ ਬਿਨਾਂ ਬੈਖਰੀ ਬਾਤ ।
ਤੁਸੀਂ ਨ ਸਮਝੇ ਸਾਧ ਜੀ ਫਿਰ ਈਸ਼ਵਰ ਕਿਹ ਭਾਤ॥੩੪॥

**ਭਾਵ**—ਵਡੇ ਅਚਰਜ ਦੀ ਬਾਤ ਹੈ ਕਿ ਜਦ ਮੇਰੀ ਤੁੱਛ ਜੀਵ



Sri Satguru Jagjit Singh Ji eLibrary NamdhariElibrary@gmail.com

ਦੀ ਜਿਸ ਦਾ ਅਲਪ ਗਜਾਨ ਅਤੇ ਸਥੂਲ ਸ਼ਰੀਰ ਹੈ ਬਾਣੀ ਨੂੰ ਬੈਖਰੀ ਹੋਈ ਤੇ ਬਿਨਾਂ ਕੋਈ ਨਹੀਂ ਜਾਣਦਾ ਤਾਂ ਈਸ਼ਵਰ ਦਾ ਗਿਆਨ ਇਹ ਜੀਵ ਕਿਸ ਤਰ੍ਹਾਂ ਸਮਝ ਸਕਦੇ ਹਨ, ਕਿਉਂਕਿ ਬਹੁਤ ਸਾਰੇ ਮਹਾਤਮਾਂ ਨੇ ਉਸ ਨੂੰ "ਅਪ੍ਰਣੰ ਮਨਹੀਨ ਸਵਾਮੀ" ਕਰ ਕੇ ਕਥਨ ਕੀਤਾ ਹੈ, ਜਿਸ ਦਾ ਭਾਵ ਇਹ ਹੈ ਕਿ ਮਨ ਅਤੇ ਪ੍ਰਾਣਾਦਿਕ ਤੇ ਓਹ ਰਹਤ ਹੈ ਜਿਸ ਦਾ ਤਾਤਪਰਜ ਉਸ ਦੀ ਸਥੂਲਤਾ ਖੰਡਨ ਵਿਚ ਹੈ, ਫਿਰ ਇਹ ਭੀ ਆਖਜਾ ਹੈ ਕਿ "ਯਤੋ ਵਾਚਾ ਨਿਵਰਤੰਤੇ ਆਪ੍ਰਾਪ ਮਨਸਾ ਸਹਾ" ਅਰਥਾਤ ਬਾਣੀ ਉਸ ਨੂੰ ਕਥਨ ਨਹੀਂ ਕਰ ਸਕਦੀ ਅਤੇ ਮਨ ਤੇ ਭੀ ਅਗੋਚਰ ਹੈ, ਫਿਰ ਸੁਆਮੀ ਜੀ ਕਿਸ ਤਰ੍ਹਾਂ ਸਾਬਤ ਕਰ ਸਕਦੇ ਹਨ ਕਿ ਇਹ ਵੇਦ ਦੇ ਮੰਤ੍ਰ ਜੋ ਮਨੁੱਖ ਤੇ ਬਿਨਾਂ ਕਿਸੇ ਤਰ੍ਹਾਂ ਬੋਲੇ ਹੀ ਨਹੀਂ ਜਾਂਦੇ ਈਸ਼ਵਰ ਨੇ ਆਖੇ ਸੇ ?

ਇਸ ਵਾਸਤੇ ਆਪ ਦਾ ਕਥਨ ਠੀਕ ਨਹੀਂ ਹੈ, ਅਰ ਜੋ ਮੈ ਆਖਦਾ ਹਾਂ ਕਿ ਵੇਦ ਬੈਖਰੀ ਬਾਣੀ ਹਨ ਸੋ ਠੀਕ ਹੈ ਪਰੰਤੂ ਉਹ ਕਦੇ ਭੀ ਨਹੀਂ ਆਉਂਦੇ ਜਿਤਨਾ ਚਿਰ ਇਨ੍ਹਾਂ ਦਾ ਉਚਾਰਨ ਸਥੂਲ ਸਰੀਰ ਸਾਰੀ ਮਨੁੱਖ ਦੇ ਮੂੰਹੋਂ ਨਾ ਹੋਵੇ, ਇਸ ਵਾਸਤੇ ਸੁਆਮੀ ਜੀ ਨੂੰ ਚਾਹੀਦਾ ਹੈ ਕਿ ਇਸ ਦਾ ਉੱਤ੍ਰ ਅੱਛੀ ਤਰ੍ਹਾਂ ਵਿਚਾਰ ਕੇ ਦੇਨ, ਇਸ ਪਰ ਚਾਰੇ ਪਾਸਿਆਂ ਤੇ ਤਾਲੀਆਂ ਵੱਜੀਆਂ ਅਰ ਸਭ ਅਨੰਦ ਹੋ ਗਏ।

ਦੋਹਿਰਾ--ਸੁਣ ਕੇ ਏਸ ਪ੍ਰਸੰਗ ਨੂੰ ਗਈ ਚੌਕੜੀ ਭੁੱਲ।
ਮਨ ਵਿਚ ਸਮਝਿਆ ਸਾਧ ਨੇ ਗਇਆ
ਭੇਦ ਸਭ ਖੁੱਲ ॥੩੫॥
ਜਿਸ ਪਰ ਨਾਲ ਖਜਾਲ ਦੇ ਲੱਗੇ ਉੱਤਰ ਦੈਨ।
ਸਭ ਲੋਗਾਂ ਦੀ ਵੱਲ ਪਿਖ ਇਉਂ ਬੋਲੇ ਮੁਖ ਬੈਨ ॥੩੬॥
ਅਹੋ ਹਮਾਰੇ ਕਥਨ ਕੋ ਨਹੀਂ ਵਿਚਾਰਿਆ ਏਸ।
ਜੋ ਚਹੁ ਰਿਖੀਆਂ ਕੋ ਕਰਾ ਈਸ਼ਵਰ ਨੇ ਉਪਦੇਸ਼ ॥੩੭॥



Sri Satguru Jagjit Singh Ji eLibrary NamdhariElibrary@gmail.com

**ਭਾਵ**—ਜਦ ਸੁਆਮੀ ਜੀ ਦੇਖਯਾ ਕਿ ਹੁਣ ਟਾਲਵਾਲ ਨਾਲ ਕੰਮ ਨਹੀਂ ਚਲਣਾ ਤਦ ਲੋਗਾਂ ਦੀ ਵੱਲ ਦੇਖਕੇ ਇਸ ਤਰ੍ਹਾਂ ਉੱਤਰ ਦੇਣ ਲੱਗੇ, ਕਿ ਅਸੀਂ ਆਪਣੇ ਪਹਿਲੇ ਵੱਖਯਾਨਾਂ ਵਿਚ ਸਿਧ ਕਰ ਆਏ ਹਾਂ ਕਿ ਵੇਦ ਈਸ਼ਵਰ ਦਾ ਗਯਾਨ ਹੈ, ਅਰ ਉਹ ਗਯਾਨ ਅਗਨੀ, ਵਾਯੂ, ਆਦਿਤ ਅਤੇ ਅੰਗਰਾਂ ਚਾਰ ਰਿਖੀਆਂ ਦੇ ਰਿਦੇ ਵਿਚ ਪ੍ਰਕਾਸ਼ਤ ਹੋਇਆ ਸਾ, ਜਿਸ ਨੂੰ ਉਨ੍ਹਾਂ ਨੇ ਅਪਨੇ ਮੁਖਾਰਬਿੰਦ ਤੇ ਮੰਤ੍ਰ ਰੂਪ ਕਰਕੇ ਉਚਾਰਨ ਕੀਤਾ, ਇਸ ਯੁਕਤੀ ਨਾਲ ਸਿੱਧ ਹੋ ਗਿਆ ਕਿ ਈਸ਼ਵਰ ਦਾ ਗਯਾਨ ਚਾਰੇ ਰਿਖੀਆਂ ਨੂੰ ਹੋਇਆ ਫਿਰ ਚਾਰੇ ਰਿਖੀਆਂ ਨੇ ਜਦ ਪ੍ਰਗਟ ਕੀਤਾ ਤਦ ਸ਼ਬਦ ਰੂਪ ਹੋ ਕੇ ਮੰਤ੍ਰ ਬਨ ਗਏ ਇਸ ਵਾਸਤੇ ਇਸ ਦੀ ਸ਼ੰਕਾ ਦਾ ਉੱਤਰ ਅਸੀਂ ਅਪਨੇ ਵਖਯਾਨਾਂ ਵਿਚ ਪਹਿਲੇ ਹੀ ਕਰ ਆਏ ਸੇ ਪਰੰਤੂ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਯਾਦ ਨਹੀਂ ਰਿਹਾ ॥

**ਦੋਹਿਰਾ**—ਇਸ ਆਖਨ ਤੇ ਤੁਰਤ ਮੈਂ ਕਹੀ ਸੰਤ ਨੂੰ ਬਾਤ ।
ਹੁਣ ਉੱਤਰ ਕੁਛ ਮਿਲੇਗਾ ਮੈਂ ਜਾਨਿਆ ਵਖਯਾਤ॥੩੮॥
ਪਰ ਇਸ ਮਹਿ ਇਕ ਸੰਕ ਹੈ ਉਪਜੀ ਮਨ ਦੇ ਮਾਂਹਿ ।
ਜੋ ਵੇਦਾਂ ਨੂੰ ਈਸ ਕ੍ਰਿਤ ਸਾਬਤ ਕਰਦੀ ਨਾਂਹਿ ॥੩੯॥

**ਭਾਵ**—ਇਸ ਉੱਤਰ ਨੂੰ ਸੁਣਦੇ ਸਾਰ, ਮੈਂ ਆਖਿਆ ਕਿ ਸੁਆਮੀ ਜੀ ਨੇ ਹੁਣ ਆਪਣਾ ਅਸਲੀ ਰਸਤਾ ਪਕੜ ਲੀਤਾ ਹੈ, ਜਿਸ ਤੇ ਆਸ਼ਾ ਪੈਂਦੀ ਹੈ ਕਿ ਹੁਣ ਮੇਰਾ ਉੱਤਰ ਪੂਰਾ ਪੂਰਾ ਦੇਨਗੇ ਪਰੰਤੂ ਇਸ ਕਥਨ ਪਰ ਭੀ ਮੇਰੇ ਚਿਤ ਵਿਚ ਸ਼ੰਕਾ ਉਤਪਤ ਹੋ ਗਈ ਹੈ ਕਿ ਪਹਿਲੇ ਸੁਆਮੀ ਜੀ ਦੀ ਪ੍ਰਤੱਗਯਾ ਇਹ ਸੀ ਕਿ ਵੇਦ ਈਸ਼ਵਰ ਦੀ ਬਾਣੀ ਹਨ ਪਰੰਤੂ ਹੁਣ ਇਨ੍ਹਾਂ ਨੇ ਆਪਣੇ ਮੂੰਹੋ ਹੀ ਇਹ ਆਖ ਦਿਤਾ ਕਿ ਵੇਦ ਈਸ਼ਵਰ ਦੀ ਬਾਣੀ ਨਹੀਂ ਹਨ ਕਿੰਤੂ ਈਸ਼ਵਰ ਦਾ ਗਯਾਨ ਹਨ, ਅਰ ਬਾਣੀ ਅਗਨੀ ਵਾਯੂ, ਆਦਿਤ ਅਤੇ ਅੰਗ੍ਰਾ ਆਦਿਕ ਇਨ੍ਹਾਂ ਚਾਰ ਰਿਖੀਆਂ ਦੀ ਹਨ ਸੋ ਵੇਦ ਪੌਰਖੇਜ ਅਰਥਾਤ



Sri Satguru Jagjit Singh Ji eLibrary NamdhariElibrary@gmail.com

ਮਨੁਖ ਰਚਤ ਤਾਂ ਸੁਆਮੀ ਜੀ ਦੇ ਕਥਨ ਤੋਂ ਹੀ ਸਿੱਧ ਹੋ ਗਏ ਕਿਉਂਕਿ ਇਨ੍ਹਾਂ ਨੇ ਇਹ ਚਾਰੇ ਪੁਸਤਕ ਚਾਰ ਰਿਖੀਆਂ ਨੇ ਬਨਾਏ ਕਥਨ ਕੀਤੇ ਹਨ।

**ਦੋਹਿਰਾ**--ਹੁਣ ਈਸ਼ਵਰ ਦੇ ਗਜ਼ਾਨ ਦਾ ਪੁਛਦਾ ਹਾਂ ਬਿਰਤਾਂਤ।
ਜਿਸ ਤੇ ਪ੍ਰਗਟ ਹੋਇਗਾ ਸਵਾਮੀ ਦਾ ਸਿੱਧਾਂਤ ॥੪੦॥
ਕਹੋ ਗਜ਼ਾਨ ਉਹ ਨਿੱਤ ਹੈ ਯਾ ਹੈ ਸੋਇ ਅਨਿੱਤ।
ਪੁਨ ਈਸ਼ਵਰ ਹੈ ਸਦਾ ਹੀ ਹੋਤ
ਗਜ਼ਾਨ ਜਿਹ ਚਿੱਤ ॥੪੧॥

**ਭਾਵ**--ਦੂਸਰਾ ਪੱਖ ਜੋ ਸੁਆਮੀ ਜੀ ਦਾ ਇਹ ਹੈ ਕਿ ਵੇਦ ਈਸ਼ੂਰ ਦਾ ਗਜ਼ਾਨ ਹੈ ਜੋ ਚਾਰਾਂ ਰਿਖੀਆਂ ਨੂੰ ਹੋਇਆ ਸਾ ਇਸ ਪਰ ਮੈਂ ਇਹ ਪ੍ਰਸ਼ਨ ਕਰਦਾ ਹਾਂ ਕਿ ਉਹ ਗਜ਼ਾਨ ਜਦ ਚਾਰੇ ਰਿਖੀਆਂ ਪਰ ਹੋਇਆ ਸਾ ਤਦ ਕੋਈ ਹੋਰ ਆਦਮੀ ਭੀ ਉਸ ਵੇਲੇ ਸਨ ਯਾ ਓਹ ਚਾਰੇ ਹੀ ਆਦਮੀ ਸੇ ਇਸ ਦਾ ਉੱਤਰ ਪ੍ਰਸ਼ਨ ਇਸ ਤਰ੍ਹਾਂ ਹੋਇਆ॥

**ਉਤਰ**--ਹਾਂ ਔਰ ਆਦਮੀ ਭੀ ਬਹੁਤ ਸੇ।

**ਪ੍ਰਸ਼ਨ**--ਫਿਰ ਇਹ ਕਜ਼ਾ ਕਾਰਨ ਹੈ ਜੋ ਉਨ੍ਹਾਂ ਚਾਰਾਂ ਪਰ ਹੀ ਈਸ਼ੂਰ ਦਾ ਗਜ਼ਾਨ ਓਤਰਿਆ ਅਤੇ ਬਾਕੀ ਦਿਆਂ ਪਰ ਨਾ ਪ੍ਰਗਟ ਹੋਇਆ?

**ਉੱਤਰ**--ਈਸ਼ੂਰ ਕੇ ਗਜ਼ਾਨ ਕਾ ਪ੍ਰਤਿ ਬਿੰਬ ਸ਼ੁੱਧ ਅੰਤਹਿ ਕਰਨ ਮੇਂ ਭਾਸਤਾ ਹੈ ਜੈਸੇ ਕਿ ਸ਼ੁੱਧ ਜਲ ਮੇਂ ਸੂਰਜ ਕਾ ਪ੍ਰਤਿਬਿੰਬ ਭਾਸਤਾ ਹੈ ਜਿਸ ਪ੍ਰਕਾਰ ਮਲਨ ਜਲ ਮੇਂ ਸੂਰਜ ਕਾ ਪ੍ਰਤਿਬਿੰਬ ਨਹੀਂ ਭਾਸਤਾ ਇਸੀ ਪ੍ਰਕਾਰ ਮਲਨ ਅੰਤਹਿ ਕਰਨ ਮੇਂ ਈਸ਼ੂਰ ਕਾ ਗਜ਼ਾਨ ਪ੍ਰਕਾਸ਼ਤ ਨਹੀਂ ਹੋਤਾ ਹੈ। ਇਸ ਲੀਏ ਉਨ ਚਾਰੇਂ ਰਿਖੀਓਂ ਕੇ ਰਿਦੇ ਸ਼ੁਧ ਥੇ ਜਿਨ ਵਿਖੇ ਈਸ਼ੂਰ ਕੇ ਗਜ਼ਾਨ ਕਾ ਪ੍ਰਤਿਬਿੰਬ ਪੜ ਗਿਆ ਪ੍ਰੰਤੂ ਔਰ ਲੋਗੋਂ ਕੇ ਰਿਦੇ ਸ਼ੁੱਧ ਨਹੀਂ ਥੇ ਜਿਸ ਸੇ ਨਾ ਪੜਾ॥



Sri Satguru Jagjit Singh Ji eLibrary NamdhariElibrary@gmail.com

**ਪ੍ਰਸ਼ਨ**--ਸੁਆਮੀ ਜੀ ਵਿਚਾਰ ਕੇ ਦੱਸਨ ਕਿ ਈਸ਼੍ਵਰ ਅਤੇ ਉਸ ਦਾ ਗਜ਼ਾਨ ਅਲਪੱਗਜ਼ਹੈ ਯਾ ਸਰਬੱਗਜ਼ ਇਸ ਪ੍ਰਕਾਰ ਇਹ ਭੀ ਕਥਨ ਕਰਨ ਕਿ ਉਹ ਗਜ਼ਾਨ ਅਤੇ ਈਸ਼੍ਵਰ ਨਿੱਤ ਹਨ ਯਾ ਅਨਿੱਤ ॥

**ਉੱਤਰ**--ਈਸ਼ਵਰ ਔਰ ਉਸ ਕਾ ਗਜ਼ਾਨ ਨਿੱਤ ਹੈ, ਅਨਿੱਤ ਨਹੀਂ ਹੈ ਇਸੀ ਪ੍ਰਕਾਰ ਵਹੁ ਈਸ਼੍ਵਰ ਭੀ ਨਿੱਤ ਹੈ ॥

**ਪ੍ਰਸ਼ਨ**--ਫਿਰ ਜੇ ਉਸ ਈਸ਼੍ਵਰ ਦੇ ਗਜ਼ਾਨ ਦਾ ਸੂਰਜ ਦੇ ਪ੍ਰਕਾਸ਼ ਵਾਂਗ ਬੁਧਿ ਵਿਚ ਪ੍ਰਤਿਬਿੰਬ ਦੀ ਨਜ਼ਾਈਂ ਪਰਕਾਸ਼ਤ ਹੋਣ ਦਾ ਸੁਭਾਵਕ ਧਰਮ ਹੈ ਤਾਂ ਉਸ ਵੇਲੇ ਉਹ ਹੋਰਨਾਂ ਪੁਰਖਾਂ ਦੇ ਅੰਤਹਿ ਕਰਨ ਵਿਚ ਪਰਕਾਸ਼ਤ ਕਯੋਂ ਨਾ ਹੋਇਆ ਅਰ ਉਨ੍ਹਾਂ ਹੀ ਚਾਰਾਂ ਦੇ ਅੰਤਹਿ ਕਰਣ ਵਿਚ ਕਯੋਂ ਹੋਇਆ ? ਫਿਰ ਓਹੋ ਈਸ਼੍ਵਰ ਅਤੇ ਉਸ ਦਾ ਗਜ਼ਾਨ ਇਸ ਵੇਲੇ ਭੀ ਹੈ ਇਸ ਵਾਸਤੇ ਅੱਜ ਕਲ ਬਿਨਾਂ ਪੜ੍ਹਾਏ ਤੇ ਇਹ ਵੇਦ ਦੇ ਮੰਤਰ ਹਰ ਇਕ ਆਦਮੀ ਨੂੰ ਕਿਉਂ ਨਹੀਂ ਆ ਜਾਂਦੇ ਕਿਉਂਕਿ ਇਹ ਨਿਯਮ ਹੈ ਕਿ ਜਿਥੇ ਜਲ ਹੋਵੇਗਾ ਓਥੇ ਸੂਰਜ ਦਾ ਪ੍ਰਤਿਬਿੰਬ ਜ਼ਰੂਰ ਪਏਗਾ ਇਸੇ ਤਰ੍ਹਾਂ ਜਿਸ ਜਗ੍ਹਾ ਅੰਤਹ ਕਰਣ ਹੈ ਉਸ ਜਗ੍ਹਾ ਈਸ਼੍ਵਰ ਦਾ ਗਜ਼ਾਨ ਭੀ ਅਵੱਸ਼ ਹੋਣਾ ਜੋਗ ਹੈ ਜਿਸ ਤੇ ਹਰ ਇਕ ਪੁਰਖ ਨੂੰ ਬਿਨਾਂ ਹੀ ਪੜ੍ਹਾਏ ਤੇ ਵੇਦ ਆਇ ਜਾਣੇ ਚਾਹੀਦੇ ਹਨ ਫਿਰ ਇਹ ਕਯੋਂ ਨਹੀਂ ਆਉਂਦੇ ?

**ਉੱਤਰ**--ਜਿਸ ਪਰਕਾਰ ਸ਼ੁੱਧ ਜਲ ਵਿਚ ਸੂਰਜ ਦਾ ਪ੍ਰਤੀਬਿੰਬ ਭਾਸਦਾ ਹੈ ਅਤੇ ਮਲਨ ਵਿਚ ਨਹੀਂ ਦਿੱਸਦਾ ਇਸੇ ਪਰਕਾਰ ਜਿਨ੍ਹਾਂ ਪੁਰਖਾਂ ਦੀ ਬੁਧਿ ਰੂਪ ਜਲ ਸਤੋ ਗੁਣ ਆਦਿਕ ਸਦ ਗੁਣਾਂ ਕਰਕੇ ਸ਼ੁੱਧ ਹੋਵੇ ਉਸ ਵਿਚ ਈਸ਼੍ਵਰ ਦੇ ਗਜ਼ਾਨ ਦਾ ਪ੍ਰਕਾਸ਼ ਹੁੰਦਾ ਹੈ ਪਰੰਤੂ ਜਿਸ ਪਰਕਾਰ ਮਲਨ ਜਲ ਵਿਚ ਸੂਰਜ ਦਾ ਆਭਾਸ ਨਹੀਂ ਪੈਂਦਾ ਇਸੇ ਪਰਕਾਰ ਰਜੋ ਤਮੋ ਕਰਕੇ ਮਲਨ ਅੰਤਹ ਕਰਣ ਵਿਚ ਈਸ਼੍ਵਰ ਦਾ ਗਜ਼ਾਨ ਨਹੀਂ ਭਾਸਦਾ ਜਿਸ ਤੇ ਹੋਰਨਾਂ ਮਨੁੱਖਾਂ ਦੇ ਰਿਦੇ ਉਸ ਸਮਯ ਸ਼ੁੱਧ ਨਹੀਂ ਸੇ ਤਾਂਤੇ ਈਸ਼੍ਵਰ ਦੇ ਗਜ਼ਾਨ ਦਾ ਆਭਾਸ ਨਾ



Sri Satguru Jagjit Singh Ji eLibrary NamdhariElibrary@gmail.com

ਪਿਆ ਪਰੰਤੂ ਉਨ੍ਹਾਂ ਚਾਰੇ ਰਿਖੀਆਂ ਦੇ ਹਿਰਦੇ ਸ਼ੁੱਧ ਸਨ ਇਸੀ ਵਾਸਤੇ ਉਨ੍ਹਾਂ ਵਿਚ ਹੀ ਈਸ਼੍ਵਰ ਦਾ ਗਜਾਨ ਜੋ ਵੇਦ ਹੈ ਸੋ ਪ੍ਰਕਾਸ਼ਤ ਹੋਇਆ।

**ਪ੍ਰਸ਼ਨ**—ਭਲਾ ਸੁਆਮੀ ਆਪ ਇਹ ਕਹਿ ਸਕਦੇ ਹੋ ਕਿ ਉਸ ਵੇਲੇ ਤੋਂ ਲੈ ਕੇ ਅੱਜ ਤਕ ਕੋਈ ਰਿਖੀ ਮੁਨੀ ਸੰਤ ਮਹਾਤਮਾ ਅਤੇ ਪੰਡਿਤ ਨਹੀਂ ਹੋਇਆ ਜਿਸ ਦਾ ਹਿਰਦਾ ਸ਼ੁੱਧ ਹੋਵੇ ਯਾ ਕਿਆ ਆਪ ਕਹਿ ਸਕਦੇ ਹੋ ਕਿ ਜਦ ਤੇ ਸ੍ਰਿਸ਼ਟੀ ਬਨੀ ਹੈ ਤਦ ਤੇ ਸਾਰੇ ਦੇ ਸਾਰੇ ਪੁਰਖ ਭਰਿਸ਼ਟ ਬੁੱਧਿ ਹੀ ਚਲੇ ਆਏ ਹਨ॥

**ਉੱਤਰ**—ਅਸੀਂ ਕਦ ਕਿਹਾ ਹੈ ਕਿ ਸਾਰੇ ਲੋਗ ਮੰਦ ਬੁੱਧਿ ਚਲੇ ਆਏ ਹਨ ਕਿੰਤੂ ਬਹੁਤ ਸਾਰੇ ਮਹਾਤਮਾਂ ਸੰਸਾਰ ਵਿਚ ਹੋਏ ਅਰ ਹਨ ਅਤੇ ਹੋਨਗੇ ਜਿਨ੍ਹਾਂ ਦੇ ਰਿਦੇ ਸ੍ਵਛ ਹਨ ਇਸ ਲਈ ਸਾਰੇ ਕਦੇ ਭੀ ਮੰਦ ਬੁੱਧਿ ਨਹੀਂ ਹੋ ਸਕਦੇ॥

**ਪ੍ਰਸ਼ਨ**—ਆਪ ਦੇ ਕਥਨ ਤੇ ਤਾਂ ਹੁਣ ਇਹ ਸਿੱਧ ਹੋ ਗਿਆ ਕੇ ਜਿਸ ਤਰ੍ਹਾਂ ਉਸ ਸਮਜ ਵਿਚ ਸੁਧ ਅੰਤਹ ਕਰਨ ਵਾਲੇ ਪੁਰਖ ਸੇ ਇਸ ਪਰਕਾਰ ਅੱਜ ਕੱਲ ਭੀ ਹਨ ਅਰ ਅੱਗੇ ਨੂੰ ਭੀ ਹੋਨਗੇ। ਤਾਂ ਇਸ ਪਰ ਮੈਂ ਏਹੋ ਪੁਛਦਾ ਹਾ ਕਿ ਜੇ ਉਸ ਵੇਲੇ ਹੋਰ ਪੁਰਖ ਭੀ ਮਲਨ ਬੁੱਧਿ ਨਹੀਂ ਸੇ ਤਾਂ ਉਨ੍ਹਾਂ ਦੇ ਰਿਦੇ ਵਿਚ ਉਸ ਬਜਾਪਕ ਨਿੱਤ ਸਰੂਪ ਈਸ਼੍ਵਰ ਦਾ ਆਭਾਸ ਵੇਦ ਕਿਉਂ ਨਾ ਪਿਆ ਅਰ ਉਨ੍ਹਾਂ ਪੁਰਖਾਂ ਨੂੰ ਭੀ ਚਾਰੇ ਰਿਖੀਆਂ ਵਾਂਗੂ ਸ਼ੁੱਧ ਹਿਰਦਾ ਹੋਣ ਦੇ ਕਾਰਨ ਬਿਨਾਂ ਪੜ੍ਹਾਏ ਤੇ ਚਾਰੇ ਵੇਦ ਕਿਉਂ ਨ ਆ ਗਏ ਅਰ ਅੱਜ ਕਲ ਭੀ ਉਹੋ ਨਿੱਤ ਈਸ਼ਵਰ ਦਾ ਆਭਾਸ ਪੁਰਖਾਂ ਦੇ ਸ਼ੁੱਧ ਰਿਦੇ ਰੂਪੀ ਜਲ ਵਿਚ ਕਿਉਂ ਨਹੀਂ ਪੈਂਦਾ ਜਿਸ ਥ੍ਰਕਾਸ਼ ਤੇ ਆਪੇ ਮੰਤਰ ਬੋਲਨ ਲਗ ਜਾਨ? ਜਿਸ ਤਰ੍ਹਾਂ ਮਲਿਨ ਜਲ ਵਿਚ ਵੀ ਭਾਵੇਂ ਸੂਰਜ ਦਾ ਨਿਰਮਲ ਆਭਾਸ ਤਾਂ ਨਹੀਂ ਪੈਂਦਾ ਪਰੰਤੂ ਫਿਰ ਭੀ ਥੋੜਾ ਬਹੁਤ ਜ਼ਰੂਰ ਦਿਸਦਾ ਹੈ ਪਰ ਨਿਰਮਲ ਜਲ ਵਿਚ ਪੂਰਨ ਤੌਰ ਪਰ ਭਾਸਦਾ



Sri Satguru Jagjit Singh Ji eLibrary NamdhariElibrary@gmail.com

ਹੈ, ਸੋ ਇਸੇ ਤਰ੍ਹਾਂ ਜੋ ਲੋਗ ਅੱਜ ਕੱਲ ਮਲਨ ਬੁੱਧਿ ਵਾਲੇ ਭੀ ਹਨ ਉਨ੍ਹਾਂ ਦੇ ਰਿਦਯਾਂ ਵਿਚ ਭੀ ਈਸ਼ਵਰ ਦੇ ਗਯਾਨ ਦਾ ਆਭਾਸ ਜ਼ਰੂਰ ਹੋਵੇ, ਪ੍ਰੰਤੂ ਭਾਵੇਂ ਉਹ ਅਸ਼ੁੱਧ ਜੇਹੇ ਹੀ ਮੰਤਰ ਬੋਲਨ ਤੇ ਅਛੀ ਤਰ੍ਹਾਂ ਨਾਂ ਬੋਲ ਸਕਨ ਪਰੰਤੂ ਇਤਨਾ ਜ਼ਰੂਰ ਹੋਵੇ ਕਿ ਬਿਨਾ ਪੜ੍ਹਾਏ ਤੇ ਹੀ ਆ ਜਾਨ, ਅਰ ਜੋ ਲੋਗ ਨਿਰਮਲ ਬੁੱਧਿ ਵਾਲੇ ਹੋਨ ਜੈਸੇ ਕਿ ਸੁਆਮੀ ਜੀ ਹਨ ਇਨ੍ਹਾਂ ਨੂੰ ਬਿਨਾਂ ਹੀ ਪੜ੍ਹਾਏ ਤੇ ਚਾਰ ਵੇਦ ਆਪੇ ਆਉਨੇ ਯੋਗ ਹਨ ਕਿਉਂਕਿ ਇਹ ਨਿਯਮ ਹੈ ਕਿ ਜਿਥੇ ਸ਼ੁੱਧ ਅੰਤਹ ਕਰਨ ਹੈ ਓਥੇ ਈਸ਼ਵਰ ਦੇ ਗਯਾਨ ਵੇਦ ਦਾ ਪ੍ਰਤੀਬਿੰਬ ਜ਼ਰੂਰ ਪੈਂਦਾ ਹੈ ਪ੍ਰੰਤੂ ਇਹ ਜੋ ਦੇਖਨ ਵਿਚ ਨਹੀਂ ਆਉਂਦਾ ਇਸ ਤੇ ਸਿੱਧ ਹੁੰਦਾ ਹੈ ਕਿ ਵੇਦ ਈਸ਼ਵਰ ਰਚਤ ਨਹੀਂ ਕਿੰਤੂ ਇਹ ਚਾਰਾਂ ਪੁਰਖਾਂ ਦੀ ਬਾਣੀ ਹੈ।

ਤਾਂਤੇ ਮੈਂ ਇਨ੍ਹਾਂ ਵੇਦਾਂ ਨੂੰ ਚਾਰ ਪੁਸਤਕ ਮੰਨਦਾ ਹਾਂ ਜੋ ਮਨੁੱਖਾਂ ਨੇ ਰਚੇ ਹਨ। ਜਿਸ ਤਰ੍ਹਾਂ ਅੱਜ ਕੱਲ ਦੇ ਆਦਮੀਆਂ ਦੀਆਂ ਰਚੀਆਂ ਹੋਈਆਂ ਪੋਥੀਆਂ ਲੋਗ ਪੜ੍ਹਦੇ ਹਨ ਅਰ ਲਾਭ ਉਠਾਉਂਦੇ ਹਨ ਇਸੇ ਤਰ੍ਹਾਂ ਉਨ੍ਹਾਂ ਚਾਰੇ ਮਨੁੱਖਾਂ ਦੇ ਰਚੇ ਹੋਏ ਚਾਰੇ ਵੇਦਾਂ ਦੇ ਪੁਸਤਕਾਂ ਨੂੰ ਲੋਗ ਪੜ੍ਹਦੇ ਹਨ। ਜਿਸ ਤੇ ਨਾ ਉਹ ਈਸ਼ਵਰ ਨੇ ਬਨਾਏ ਅਤੇ ਨਾ ਇਹ ਗੱਲ ਅਨੁਭਵ ਸਿੱਧ ਹੀ ਹੋ ਸਕਦੀ ਹੈ ਕਿਉਂਕਿ ਵੇਦ ਦੇ ਮੰਤਰ ਛੰਦਾਂ ਦੇ ਢੰਗ ਪਰ ਹਨ ਸੋ ਈਸ਼ਵਰ ਅਜੇਹੀ ਛੰਦਾ ਬੰਦੀ ਕਰਦਾ ਕਦੇ ਭੀ ਅਨੁਭਵ ਨਹੀਂ ਮੰਨਦਾ, ਤਾਂਤੇ ਇਹ ਸਭ ਮਨੁੱਖਾਂ ਦੀ ਹੀ ਚਤਰਾਈ ਹੈ॥

**ਦੋਹਿਰਾ**—ਮੇਰੇ ਇਤਨੇ ਕਹਿਨ ਤੇ ਗਏ ਸੰਤ ਘਬਰਾਇ।
ਏਧਰ ਓਧਰ ਝਾਕਦੇ ਉੱਤਰ ਬਣੇ ਨ ਕਾਇ ॥੪੨॥
ਓੜਕ ਨੂੰ ਇਕ ਹੋਰ ਹੀ ਤੋਰਿਆ ਸਾ ਪ੍ਰਸੰਗ।
ਜਿਸ ਤੇ ਮੈਂ ਮਨ ਸਮਝਿਆ ਹੋਇ ਗਏ ਹਨ ਤੰਗ ॥੪੩॥

**ਭਾਵ**—ਸੁਆਮੀ ਜੀ ਦਾ ਚਿੱਤ ਇਸ ਸਮਜਬਹੁਤ ਹੀ ਘਬਰਾਇਆ



Sri Satguru Jagjit Singh Ji eLibrary NamdhariElibrary@gmail.com

ਹੋਇਆ ਸਾ ਅਰ ਕੋਈ ਅੱਛਾ ਉੱਤਰ ਨਹੀਂ ਬਣਦਾ ਸਾ ਜਿਸ ਪਰ ਇਸ ਬਾਤ ਨੂੰ ਛੱਡ ਕੇ ਹੋਰ ਹੀ ਰਸਤੇ ਪੈ ਗਏ ਜੋ ਉਲਟ ਕੇ ਮੇਰੇ ਪਰ ਪ੍ਰਸ਼ਨ ਚੁੱਕ ਕੀਤਾ ਅਤੇ ਇਸ ਤਰ੍ਹਾਂ ਬੋਲੇ, ਕਿ ਜਿਸ ਤਰ੍ਹਾਂ ਤੁਸੀਂ ਵੇਦਾਂ ਨੂੰ ਈਸ਼ਵਰ ਰਚਤ ਹੋਨੇ ਪਰ ਤਰਕ ਕਰਦੇ ਹੋ, ਅਰ ਆਖਦੇ ਹੋ ਕਿ ਇਹ ਈਸ਼ਵਰ ਰਚਨ ਨਹੀਂ ਹਨ, ਅਰ ਇਸ ਵਿਚ ਯੁਕਤੀ ਇਹ ਦੇਂਦੇ ਹੋ ਕਿ ਨਿਰਾਕਾਰ ਹੋਨੇ ਤੇ ਈਸ਼ਵਰ ਇਨ੍ਹਾਂ ਨੂੰ ਨਹੀਂ ਬਨਾ ਸਕਦਾ ਤਾਂ ਤੁਸੀਂ ਏਸੇ ਤਰ੍ਹਾਂ ਜਗਤ ਦਾ ਕਰਤਾ ਭੀ ਈਸ਼ਵਰ ਨੂੰ ਨਹੀਂ ਆਖੋਗੇ ਕਿਉਂਕਿ ਇਹ ਸਥੂਲ ਪਰਪੰਚ ਭੀ ਨਿਰਾਕਾਰ ਈਸ਼ਵਰ ਨਹੀਂ ਬਨਾ ਸਕੇਗਾ ।

ਇਸ ਦਾ ਉੱਤਰ ਮੈਂ ਇਤਨਾ ਹੀ ਦਿਤਾ ਕਿ ਪਹਿਲੇ ਜਦ ਇਸ ਦਾ ਫੈਸਲਾ ਹੋ ਜਾਏਗਾ ਤਦ ਤੁਸੀਂ ਜਗਤ ਉਤਪਤੀ ਪਰ ਭੀ ਉੱਤਰ ਪ੍ਰਸ਼ਨ ਕਰ ਲੈਣਾ, ਇਸ ਨੂੰ ਸੁਣ ਕੇ ਬੋਲੇ ਕਿ ਸਾਨੂੰ ਤਾਂ ਇਤਨਾ ਹੀ ਆਉਂਦਾ ਹੈ ਜੋ ਤੁਹਾਨੂੰ ਸੁਣਾ ਦਿਤਾ ਹੈ ਜਿਸ ਪਰ ਮੈਂ ਕਿਹਾ ਕਿ ਜੋ ਆਪ ਨੇ ਆਖਯਾ ਹੈ ਸੋ ਠੀਕ ਠੀਕ ਉੱਤਰ ਨਹੀਂ ਹੈ, ਜਿਸ ਪਰ ਕਹਿਨ ਲਗੇ ਕਿ ਬਸ ਜੋ ਸਾਨੂੰ ਆਉਂਦਾ ਹੈ ਸੋ ਉੱਤਰ ਦੇ ਦਿਤਾ ਹੈ।

ਇਤਨੀ ਗੱਲ ਸੁਣ ਕੇ ਪੰਡਤ ਅਗਨੀ ਹੋਤ੍ਰੀ ਜਿਸ ਦਾ ਨਾਉਂ ਉਸ ਸਮਯ ਸ਼ਿਵਨਾਰਾਇਣ ਸ੍ਰੀ ਅਰ ਅੱਜ ਕਲ ਜਿਸ ਨੂੰ ਲੋਗ ਸੱਤਯਾਨੰਦ ਅਗਨੀ ਹੋਤ੍ਰੀ ਸੱਦਦੇ ਹਨ ਖੜੇ ਹੋ ਕੇ ਬੋਲੇ ਕਿ ਸੁਆਮੀ ਜੀ ਨੇ ਇਨ੍ਹਾਂ ਦੇ ਕਥਨ ਦਾ ਉੱਤਰ ਨਹੀਂ ਦਿਤਾ ਕੇਵਲ ਟਾਲਵਾਲ ਕਰ ਰਹੇ ਹਨ ਜਿਸ ਤੇ ਮੇਰੇ ਵਲੋਂ ਹਟ ਕੇ ਉਸ ਨਾਲ ਝਗੜ ਪਏ ਅਰ ਗੁੱਸੇ ਹੋ ਕੇ ਕਹਿਨ ਲੱਗੇ ਕਿ ਤੈਨੂੰ ਕਯਾ ਖਬਰ ਹੈ ਜੋ ਇਸ ਨੇ ਕਿਆ ਆਖਯਾ ਹੈ ? ਜਿਸ ਪਰ ਉਸ ਨੇ ਕਿਹਾ ਕਿ ਮੈਂ ਜਾਣਦਾ ਹਾਂ ਜੋ ਇਨ੍ਹਾਂ ਨੇ ਕਿਹਾ ਹੈ ਅਰ ਜੋ ਉਸ ਦਾ ਆਪ ਨੇ ਉੱਤਰ ਦਿੱਤਾ ਹੈ, ਕਿੰਤੂ ਉੱਤਰ ਆਪ ਦਾ ਠੀਕ ਨਹੀਂ ਹੈ, ਇਸ ਪਰ ਬਹੁਤ ਗੁੱਸੇ ਹੋ ਗਏ ਅਰ ਉਨ੍ਹਾਂ ਨੂੰ ਆਖਨ ਲੱਗੇ ਕਿ ਤੁਸੀਂ ਦੱਸੋ ਜੋ ਇਸਨੇ



Sri Satguru Jagjit Singh Ji eLibrary NamdhariElibrary@gmail.com

ਕਜਾ ਕਿਹਿਆ ਹੈ ਅਰ ਮੈਂ ਉਸ ਦਾ ਉੱਤਰ ਕਿਆ ਦਿੱਤਾ ਹੈ ॥

ਜਦ ਇਹ ਝਗੜਾ ਹੋਰ ਹੀ ਛਿੜ ਪਿਆ ਤਦ ਮੈਂ ਕਿਹਾ ਕਿ ਸੁਆਮੀ ਜੀ ਆਪ ਇਨ੍ਹਾਂ ਨਾਲ ਨਾ ਝਗੜੋ ਕਿਉਂਕਿ ਉੱਤ੍ਰ ਪ੍ਰਸ਼ਨ ਤਾਂ ਮੇਰੇ ਅਰ ਆਪ ਦਾ ਹੈ ਸੋ ਜੋ ਆਪ ਦਾ ਸਿਧਾਂਤ ਹੈ ਸੋ ਮੈਨੂੰ ਆਖੋ ਜਿਸ ਪਰ ਏਹੋ ਬੋਲੇ ਕਿ ਅਸੀਂ ਤਾਂ ਜੋ ਆਖਨਾ ਸਾ ਸੋ ਆਖ ਦਿਤਾ, ਜਿਸ ਪਰ ਮੈਂ ਕਿਹਾ ਕਿ ਆਪ ਕੁਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰ ਕੇ ਦਿਖਾ ਦਿੱਤਾ ਹੈ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ ॥

ਇਤਨੇ ਝਗੜੇ ਪਰ ਚਾਰੇ ਪਾਸਿਆਂ ਤੇ ਤਾਲੀਆਂ ਵਜ ਪਈਆਂ ਅਰ ਸਭ ਬੋਲ ਉਠੇ ਕਿ ਸਾਧੂ ਨੂੰ ਉੱਤ੍ਰ ਦੇਣਾ ਨਹੀਂ ਆਇਆ ਜਿਸ ਪਰੋਂ ਸੰਧਯਾ ਪੈ ਗਈ ਅਰ ਸਭ ਖਲਕਤ ਆਪੋ ਆਪਨੇ ਘਰਾਂ ਨੂੰ ਚਲੀ ਗਈ, ਅਤੇ ਅਸੀਂ ਭੀ ਵਡੇ ਆਨੰਦ ਪੂਰਬਕ ਅਪਨੇ ਮਕਾਨ ਪਰ ਆਏ ॥

ਦੋਹਿਰਾ—ਇਹ ਦੂਜਾ ਹੈ ਮੁੱਝਦਾ, ਜੋ ਹੋਇਆ ਪ੍ਰਸੰਗ ।
ਸੁਣਨ ਹਾਰੇ ਲੋਗ ਸੇ ਹੋਏ ਮਨ ਵਿਚ ਦੰਗ ॥੪੪॥
ਉਆ ਬਾਈ ਕਰ ਗਏ ਤਦੋਂ ਸੰਤ ਜੀ ਆਪ ।
ਸੱਤ ਆਖਦਿਆਂ ਮੁੱਝ ਨੂੰ ਲਗੇ ਨਾ ਕੋਈ ਪਾਪ ॥੪੫॥
ਜੋ ਇਸ ਵਿਚ ਕੁਝ ਸ਼ੱਕ ਹੈ ਤਾਂ ਚਲੇ ਉਸ ਕੇਰ ॥
ਉਤ੍ਰ ਮੇਰੇ ਕਥਨ ਦਾ ਦੇਵਨ ਹੋਇ ਦਲੇਰ ॥੪੬॥
ਜਿਸ ਤੇ ਸੱਚੀ ਹੋਇ ਜਗ ਇਹ ਲੋਗਾਂ ਦੀ ਗੱਪ ॥
ਗੁਰੂ ਜਿਨ੍ਹਾਂ ਦੇ ਟੱਪਨੇ ਚੇਲੇ ਜਾਨ ਛੜੱਪ ॥੪੭॥
ਪਰ ਮੈਂ ਜਾਣਾ ਸੱਭ ਨੂੰ ਇਹ ਮਹਿ ਨਾਹੀਂ ਕੋਇ ॥
ਮੇਰੇ ਇਸ ਪ੍ਰਸੰਗ ਦਾ ਖੰਡਨ ਕਰ ਹੈ ਜੋਇ ॥੪੮॥



Sri Satguru Jagjit Singh Ji eLibrary NamdhariElibrary@gmail.com

## ਤੀਜੀ ਵੇਰ ਪ੍ਰਸ਼ਨੋਤ੍ਰ

**ਦੋਹਿਰਾ**—ਹੁਣ ਤੀਜਾ ਭੀ ਸੁਣ ਲਵੋ ਜੋ ਹੋਇਆ ਵਿਰਤਾਂਤ।
ਮੁਕਤ ਪੱਖ ਪਰ ਪੁੱਛਨਾ ਕੀਤੀ ਹੋਇ ਇਕਾਂਤ ॥੧॥

ਤੀਸਰੀ ਵੇਰ ਸੁਆਮੀ ਜੀ ਰਾਇ ਮੇਲਾ ਰਾਮ ਸਾਹਿਬ ਦੇ ਤਾਲਾਬ ਉੱਪਰ ਉਤਰੇ ਜਦ ਮੈਨੂੰ ਖਬਰ ਹੋਈ ਕਿ ਹੁਣ ਉਹੀ ਮਹਾਤੱਮਾ ਫੇਰ ਆਏ ਹਨ ਜਿਥੇ ਮੈਂ ਓਥੇ ਹੀ ਪੁੱਜਾ ਪਰੰਤੂ ਉਸ ਵਲੇ ਮੈਂ ਇਕੱਲਾ ਹੀ ਸਾਂ॥

ਜਦ ਮੈਂ ਪਉੜੀਆਂ ਚੜ੍ਹ ਕੇ ਗਿਆ ਤਾਂ ਕਿਆ ਦੇਖਿਆ ਕਿ ਸੁਆਮੀ ਜੀ ਗਲੀਚੇ ਪਰ ਤਕੀਆ ਲਗਾਈਂ ਬੈਠੇ ਹਨ ਅਰ ਉਨ੍ਹਾਂ ਦੇ ਪਾਸ ਇਕ ਬਾਬੂ ਬੰਗਾਲੀ ਬੈਠਾ ਹੈ ਅਰ ਦੋ ਤਿੰਨ ਰੇਲ ਦੇ ਹੋਰ ਪੰਜਾਬੀ ਬਾਬੂ ਹਨ ਜਿਨ੍ਹਾਂ ਨਾਲ ਕੁਛ ਉੱਤ੍ਰ ਪ੍ਰਸ਼ਨ ਕਰ ਰਹੇ ਹਨ ਪਰ ਓਹ ਸਭ ਸਤ ਬਚਨ ਹੀ ਉਚਰਦੇ ਹਨ ਅਤੇ ਅੱਗੋਂ ਕੁਝ ਉੱਤ੍ਰ ਨਹੀਂ ਦੇਂਦੇ॥

ਮੇਰਾ ਅੱਗੇ ਦਾ ਹੀ ਡਰ ਲੱਥਾ ਹੋਇਆ ਸੀ ਜਿਸ ਤੇ ਨਿਰਭੈ ਹੋ ਕੇ ਜਾ ਬੈਠਾ ਅਰ ਕੇਵਲ ਇਤਨਾ ਹੀ ਆਖਿਆ ਕਿ ਸੰਤ ਜੀ ਆਪ ਅੱਛੇ ਹੈਂ ਜਿਸ ਦਾ ਉੱਤ੍ਰ ਉਨ੍ਹਾਂ ਨੇ ਇਹ ਦਿੱਤਾ ਕਿ "ਆਪ ਭੀ ਅਨੰਦ ਹੈਂ":

ਦਸ ਕੁ ਮਿੰਟ ਮਗਰੋਂ ਮੈਂ ਨੇ ਕਿਹਾ ਕਿ ਸੰਤ ਜੀ ਕਾਰਨ ਵਾਚ ਅਰ ਵੇਦ ਵਿਖਜ ਪਰ ਤਾਂ ਮੇਰਾ ਆਪ ਨਾਲ ਉੱਤ੍ਰ ਪ੍ਰਸ਼ਨ ਹੋ ਚੁਕਿਆ ਹੈ ਪਰੰਤੂ ਹੁਣ ਮੁਕਤੀ ਦੇ ਬਾਰੇ ਵਿਚ ਪੁੱਛਨਾ ਚਾਹੁੰਦਾ ਹਾਂ ਕਿ ਆਪ ਦਾ ਕਿਆ ਖਿਆਲ ਹੈ?

**ਦੋਹਿਰਾ**—ਸੁਣਦੇ ਹੀ ਇਸ ਗੱਲ ਨੂੰ ਬੋਲੇ ਮਨ ਘਬਰਾਇ॥
ਜਾਤਾ ਸਾਨੂੰ ਆਪਣੀ ਓਹੋ ਵੱਡੀ ਬਲਾਇ ॥੨॥
"ਪੁੱਛ ਲਵੋ ਓਹ ਭੀ ਤੁਸੀਂ ਪਰ ਮੈਂ ਝਗੜੂ ਨਾਹਿ॥
ਅਪਨੇ ਨਿਸਚੇ ਨੂੰ ਕਰੂੰ ਪ੍ਰਗਟ ਸਭ ਕੇ ਮਾਹਿ" ॥੩॥



Sri Satguru Jagjit Singh Ji eLibrary NamdhariElibrary@gmail.com

ਜਿਸ ਪਰ ਮੈਂ ਫਿਰ ਇਹ ਕਹੀ ਕਿਆ ਝਗੜੇ ਕੀ ਬਾਤ ।
ਉੱਤ੍ਰ ਪ੍ਰਸ਼ਨ ਸਦਾ ਤੇ ਬਿਨ ਬਾਤਨ ਪਰ ਆਤ ॥੪॥

**ਭਾਵ**—ਜਦ ਮੈਂ ਮੁਕਤੀ ਦੇ ਪ੍ਰਸੰਗ ਪਰ ਪੁੱਛਨਾ ਚਾਹਿਆ ਤਦ ਜਿਸ ਤਰ੍ਹਾਂ ਅੱਗ ਦੀ ਡਰੀ ਟਟਿਆਨੇ ਤੇ ਡਰਦੀ ਹੈ ਇਸੇ ਤਰ੍ਹਾ ਡਾਕਟਰ ਰਹੀਮ ਖਾਂ ਦੀ ਕੋਠੀ ਤੇ ਡਰੇ ਹੋਏ ਸੁਆਮੀ ਜੀ ਆਖਨ ਲੱਗੇ ਕਿ ਤੁਹਾਡੇ ਨਾਲ ਝਗੜਾ ਨਹੀਂ ਕਰਾਂਗਾ ਪਰ ਆਪਨਾ ਨਿਸਚਾ ਦੱਸਾਂਗਾ ਕਿ ਮੁਕਤੀ ਦੇ ਵਿਖਜ ਵਿਚ ਕਿਆ ਹੈ ਜਿਸ ਦਾ ਉੱਤਰ ਮੈਂ ਇਤਨਾ ਹੀ ਦਿਤਾ ਕਿ ਝਗੜੇ ਦੀ ਕੋਈ ਬਾਤ ਨਹੀਂ ਹੈ ਕਿੰਤੂ ਇਨ੍ਹਾਂ ਪਰਸੰਗਾਂ ਪਰ ਸਦਾ ਤੇ ਉੱਤ੍ਰ ਪ੍ਰਸ਼ਨ ਹੁੰਦੇ ਚਲੇ ਆਏ ਹਨ । ਸੋ ਮੈਂ ਕੋਈ ਨਵੀਂ ਬਾਤ ਨਹੀਂ ਪੁੱਛਦਾ ਪਰੰਤੂ ਮੈਂ ਆਪ ਦੇ ਨਿਸਚੇ ਵਿਚ ਜਿਥੇ ਅਪਨੀ ਬੁਧਿ ਅਨੁਸਾਰ ਸੰਸਾ ਪਾਵਾਂਗਾ ਉਥੇ ਜ਼ਰੂਰ ਪੁੱਛਾਂਗਾ ਕਿ ਇਹ ਕਿਸ ਤਰ੍ਹਾਂ ਹੈ ॥

**ਦੋਹਿਰਾ**—ਇਤਨੀ ਸੁਨ ਕੇ ਬਾਤ ਨੂੰ ਮੰਨ ਗਏ ਮੁਰਝਾਇ ।
ਆਖਨ ਜੋ 'ਕੁਛ ਮੁੱਝ ਨੂੰ ਆਵੇ ਦਊਂ ਸੁਨਾਇ' ॥੫॥
ਇਸ ਤੋਂ ਅੱਗੇ ਮੈਂ ਕਿਹਾ 'ਤੁਮਰੇ ਮਤ ਮਹਿ ਮੋਖ ।
ਕਹੋ ਕੌਨ ਵਿਧ ਹੈ ਲਿਖੀ ਜੋ ਸਮਝੇ ਨਿਰਦੋਖ' ।

**ਭਾਵ**—ਜਦ ਉਨ੍ਹਾਂ ਨੇ ਆਗਿਆ ਦੇ ਦਿੱਤੀ ਤਦ ਮੈਂ ਪੁਛਿਆ ਕਿ ਸੁਆਮੀ ਜੀ ਆਪ ਦੇ ਮਤ ਵਿਚ ਮੁਕਤੀ ਦਾ ਕਿਆ ਸਰੂਪ ਹੈ ਅਤੇ ਉਸ ਦਾ ਲੱਖਣ ਕਿਆ ਹੈ ?

ਸੁਆਮੀ ਜੀ ਨੇ ਉੱਤ੍ਰ ਦਿੱਤਾ ਕਿ ਮੁਕਤੀ ਦਾ ਅਰਥ ਛੁੱਟ ਜਾਨਾ ਹੈ।

ਇਸ ਪਰ ਮੈਂ ਕਿਹਾ ਕਿ ਇਹ ਤਾ ਮੁਕਤੀ ਪਦ ਦਾ ਅਰਥ ਹੈ ਪਰੰਤੂ ਮੇਰਾ ਤਾਤ ਪਰਜ ਪੁਛਨ ਦਾ ਇਹ ਹੈ ਕਿ ਛੁਟਨਾ ਕਿਆ ਵਸਤੂ ਹੈ ਅਤੇ ਕਿਨ੍ਹਾਂ ਬਾਤਾਂ ਤੇ ਛੁੱਟਨਾ ਹੈ ।

ਇਸ ਦਾ ਉੱਤਰ ਸੁਆਮੀ ਜੀ ਨੇ ਇਹ ਦਿਤਾ ਕਿ ਛੁੱਟਨ



Sri Satguru Jagjit Singh Ji eLibrary NamdhariElibrary@gmail.com

ਵਾਲੀ ਵਸਤੂ ਜੀਵਾਤਮਾ ਹੈ ਅਰ ਛੁੱਟਨਾ ਦੇਹ ਵਿਚੋਂ ਹੈ ਜਿਸਤੇ ਜੀਵ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ।

ਇਸ ਪਰ ਮੈਂ ਇਹ ਆਖਿਆ ਕਿ ਜੀਵ ਕਿਸ ਨੂੰ ਆਖਦੇ ਹਨ ਅਤੇ ਕਿਆ ਸਰੀਰ ਦੇ ਤਿਆਗ ਦਾ ਨਾਮ ਹੀ ਮੁਕਤੀ ਹੈ ? ਕਿੰਤੂ ਜੇ ਇਹੋ ਆਪ ਦਾ ਮਤ ਹੈ ਤਾਂ ਇਹ ਚਾਰ ਵਾਕ ਮਤ ਵਾਲੇ ਭੀ ਮੰਨਦੇ ਹਨ ਕਿ ਮਰ ਗਿਆ ਤਾਂ ਮੁਕਤੀ ਪਾ ਲਈ ਫਿਰ ਆਪ ਅਤੇ ਚਾਰ ਵਾਕ ਮਤ ਵਿਚ ਕਿਆ ਭੇਦ ਹੈ ?

ਇਸ ਕਥਨ ਪਰ ਸੋਚਨ ਲੱਗੇ ਅਰ ਚਾਰ ਪੰਜ ਮਿੰਟ ਮਗਰੋਂ ਬੋਲੇ ਕਿ ਜੀਵ ਉਸ ਸੂਖਮ ਤੇ ਚੇਤਨ ਵਸਤੂ ਦਾ ਨਾਮ ਹੈ ਜੋ ਇਸ ਦੇਹੀ ਦੀ ਅਭਿਮਾਨੀ ਹੈ, ਅਰ ਚਾਰ ਵਾਕ ਮਤ ਵਾਲੇ ਨਾਸਤਕ ਹਨ ਕਿਉਂਕਿ ਉਹ ਵੇਦ ਨੂੰ ਨਹੀਂ ਮੰਨਦੇ।

ਫਿਰ ਮੈ ਪੁਛਿਆ ਕਿ ਜਦ ਜੀਵ ਇਸ ਦੇਹ ਨੂੰ ਤਿਆਗ ਦੇਂਦਾ ਹੈ ਤਦ ਇਸ ਦੇ ਅਭਮਾਨ ਤੇ ਰਹਿਤ ਹੋ ਕੇ ਫਿਰ ਕਿਆ ਰੂਪ ਰੱਖਦਾ ਹੈ ਅਰ ਕਿਥੇ ਰਹਿੰਦਾ ਹੈ ?

ਇਸੇ ਤਰ੍ਹਾਂ ਜੋ ਚਾਰ ਵਾਕ ਨਾਸਤਕ ਹੋ ਕੇ ਮਰਨ ਨੂੰ ਮੁਕਤੀ ਆਖਦੇ ਹਨ ਸੋਈ ਆਪ ਵੇਦ ਦੇ ਮੰਨਨੇ ਵਾਲੇ ਆਸਤਕ ਮੰਨਦੇ ਹੋ ਫਿਰ ਆਪ ਅਰ ਉਨ੍ਹਾਂ ਵਿਚ ਕਿਆ ਭੇਦ ਹੈ, ਕਿਉਂਕਿ ਮੁਕਤੀ ਪੱਖ ਤਾਂ ਦੋਨਾਂ ਦਾ ਕੱਠਾ ਹੀ ਹੈ।

ਇਸ ਦਾ ਉੱਤਰ ਇਹ ਦਿੱਤਾ ਕਿ ਜੀਵ ਦਾ ਸਰੂਪ ਓਹੋ ਰਹਿੰਦਾ ਹੈ ਜੋ ਦੇਹ ਵਿਚ ਸਾ ਪ੍ਰੰਤੂ ਸੁਤੰਤ੍ਰ ਹੁੰਦਾ ਹੈ ਇਸ ਵਾਸਤੇ ਜਿਸ ਜਗ੍ਹਾ ਇੱਛਾ ਹੁੰਦੀ ਹੈ ਓਥੇ ਰਹਿੰਦਾ ਹੈ।

ਚਾਰ ਵਾਕ ਜੀਵ ਦਾ ਨਾਸ ਮੰਨਦੇ ਹਨ ਪ੍ਰੰਤੂ ਅਸੀਂ ਨਹੀਂ ਮੰਨਦੇ ਇਹੋ ਸਾਡੇ ਵਿਚ ਅਰ ਉਨ੍ਹਾਂ ਵਿਚ ਭੇਦ ਹੈ।

ਇਸ ਪਰ ਮੈਂ ਕਿਹਾ ਕਿ ਜੇ ਓਹ ਜੀਵ ਦੇਹ ਤਿਆਗ ਕੇ ਭੀ ਓਸੇ ਤਰ੍ਹਾਂ ਰਹਿੰਦਾ ਹੈ ਤਾਂ ਉਸ ਨੂੰ ਅਪਨਾ ਪਤਾ ਹੁੰਦਾ ਹੈ ਕਿ ਨਹੀਂ ਅਰ ਇਹ ਜਾਨ ਸਕਦਾ ਹੈ ਕਿ ਨਹੀਂ ਜੋ ਮੈਂ ਫਲਾਨਾ ਜੀਵ ਹਾਂ।



Sri Satguru Jagjit Singh Ji eLibrary NamdhariElibrary@gmail.com

ਇਸੇ ਪ੍ਰਕਾਰ ਚਾਰ ਵਾਕ ਭੀ ਜੀਵ ਦਾ ਨਾਸ ਨਹੀਂ ਮੰਨਦੇ ਕਿੰਤੂ ਉਹ ਜੀਵ ਦਾ ਪਰਾਦੁਰਭਾਵ ਤੱਤਾਂ ਵਿਚ ਮੰਨਦੇ ਹਨ ਅਰ ਓਹ ਇਹ ਆਖਦੇ ਹਨ ਕਿ ਜੀਵ ਇਕ ਪ੍ਰਕਾਰ ਦੀ ਚੇਤਨ ਸੱਤਾ ਹੈ ਜੋ ਤੱਤਾਂ ਦੇ ਮਿਲਾਪ ਨਾਲ ਉਤਪੱਤ ਹੋ ਜਾਂਦੀ ਹੈ, ਜਿਸ ਤਰ੍ਹਾਂ ਚੂਨਾ ਕੱਥਾ ਪਾਨ ਮਿਲਾਉਣੇ ਤੇ ਲਾਲ ਰੰਗ ਉਤਪੱਤ ਹੋ ਜਾਂਦਾ ਹੈ, ਸੋ ਇਸ ਤੋਂ ਇਹ ਪਾਇਆ ਜਾਂਦਾ ਹੈ ਕਿ ਉਹ ਜੀਵ ਦਾ ਪਰਾਦੁਰ ਭਾਵ ਤੱਤਾਂ ਵਿਚ ਮੰਨਦੇ ਹਨ, ਅਰ ਇਨ੍ਹਾਂ ਦੇ ਵਿਯੋਗ ਤੇ ਉਸ ਦਾ ਲਯ ਮੰਨਦੇ ਹਨ ਪਰੰਤੂ ਨਾਸ ਇਕ ਹੋਰ ਪਦਾਰਥ ਹੈ ਜੋ ਵਸਤੂ ਦੀ ਅਸਲੀਅਤ ਨੂੰ ਹੀ ਦੂਰ ਕਰ ਦੇਂਦਾ ਹੈ ਸੋ ਇਹ ਚਾਰ ਵਾਕ ਦਾ ਤਾਤਪਰਜ ਨਹੀਂ ਹੈ ॥

ਸੁਆਮੀ ਜੀ ਨੇ ਆਖਯਾ ਕਿ ਤੁਹਾਡੇ ਪਹਿਲੇ ਪ੍ਰਸ਼ਨ ਦਾ ਉੱਤਰ ਤਾਂ ਇਤਨਾ ਹੀ ਹੈ ਕਿ ਉਸ ਜੀਵ ਆਤਮਾ ਨੂੰ ਗਯਾਨ ਰਹਿੰਦਾ ਹੈ, ਕਿਉਂਕਿ ਗਯਾਨ ਚੇਤਨ ਜੀਵਾਤਮਾ ਦਾ ਧਰਮ ਹੈ ਇਸ ਵਾਸਤੇ ਜੜ੍ਹ ਦੇਹ ਦੇ ਤਯਾਗ ਮਗਰੋਂ ਓਹੋ ਚੇਤਨ ਗਯਾਨ ਸਰੂਪ ਹੈ।

ਦੂਸਰੇ ਪ੍ਰਸ਼ਨ ਦਾ ਇਹ ਉੱਤਰ ਹੈ ਕਿ ਸਾਡਾ ਤਾਤਪਰਜ ਚਾਰ ਵਾਕ ਮਤ ਵਿਚ ਜੀਵ ਦਾ ਨਾਸ ਮੰਨਨ ਤੇ ਉਸ ਦਾ ਅਭਾਵ ਅੰਗੀਕਾਰ ਹੈ, ਸੋ ਅਭਾਵ ਚਾਰ ਪ੍ਰਕਾਰ ਦਾ ਹੁੰਦਾ ਹੈ, ਪ੍ਰਾਗਾ ਭਾਵ, ਪ੍ਰਧੁੰਸਾ ਭਾਵ, ਅੰਨਯੋ ਅੰਣਯਾ ਭਾਵ ਅਤੇ ਅਤਯੰਤਾ ਭਾਵ ਸੋ ਚਾਰ ਵਾਕ ਭੀ ਇਨ੍ਹਾ ਵਿਚ ਹੀ ਜੀਵ ਦਾ ਅਭਾਵ ਮੰਨਦੇ ਹਨ ਸੋ ਅਭਾਵ ਭੀ ਇਕ ਪ੍ਰਕਾਰ ਦਾ ਨਾਸ ਸਮਝਿਆ ਜਾਂਦਾ ਹੈ ਜਿਸ ਨੂੰ ਸੁਨ ਕੇ ਮੈਂ ਇਹ ਆਖਯਾ।—

**ਦੋਹਿਰਾ**—ਚੇਤਨ ਹੇਤੂ ਗਯਾਨ ਦਾ ਨਹੀਂ ਸਰਬ ਦਾ ਸੱਤ।
ਸੁਖਤਪ ਮਹਿ ਨਹਿ ਜਾਨਦਾ ਅਪਨੇ ਘਰ ਦੀ ਗੱਤ ॥੭॥

**ਭਾਵ**—ਬੇਸ਼ਕ ਸੁਆਮੀ ਜੀ ਨੇ ਜੀਵਾਤਮਾ ਨੂੰ ਗਯਾਨ ਸਰੂਪ ਆਖ ਕੇ ਇਹ ਸਿੱਧ ਕੀਤਾ ਹੈ ਕਿ "ਮੁਕਤ ਹੋ ਕੇ" ਅਰਥਾਤ ਦੇਹ ਨੂੰ


Sri Satguru Jagjit Singh Ji eLibrary NamdhariElibrary@gmail.com

ਤਿਆਗ ਕੇ ਭੀ ਇਸ ਨੂੰ ਗਯਾਨ ਰਹਿੰਦਾ ਹੈ ਪਰੰਤੂ ਜਿਸ ਪਰ ਹੇਤੂ ਕੇਵਲ "ਚੇਤਨ ਸਰੂਪ" ਹੋਨ ਦਾ ਹੀ ਦਿਤਾ ਹੈ ਪਰੰਤੂ ਜਦ ਵਿਚਾਰ ਕੇ ਦੇਖਿਆ ਜਾਂਦਾ ਹੈ ਤਾਂ ਇਸ ਦੇਹ ਦੇ ਵਿਚ ਰਹਿ ਕੇ ਭੀ ਚੇਤਨ ਸਰੂਪ ਆਤਮਾ ਹੈ। ਗਯਾਨ ਦੇ ਸਾਧਨ ਅੰਤਹ ਕਰਣ ਅਤੇ ਗਯਾਨ ਇੰਦ੍ਰਯ ਤੇ ਬਿਨਾ ਕੋਈ ਗਯਾਨ ਨਹੀਂ ਪਾਇਆ ਜਾਂਦਾ ਜਿਸ ਦਾ ਦ੍ਰਿਸ਼ਟਾਂਤ ਘੋਰ ਨੀਂਦ ਅਤੇ ਮੂਰਛਾ ਹੈ ਕਿਉਂਕਿ ਇਨ੍ਹਾਂ ਦੋਹਾਂ ਹਾਲਤਾਂ ਵਿਚ ਜੀਵ ਅਜੇ ਦੇਹ ਨੂੰ ਭੀ ਨਹੀਂ ਤਿਆਗਦਾ ਤਾਂ ਭੀ ਅਪਨੇ ਗਿਆਨ ਨੂੰ ਛੱਡ ਬੈਠਦਾ ਹੈ। ਫਿਰ ਜਦ ਇਸ ਨੇ ਮਰ ਕੇ ਇਸ ਦੇਹੀ ਨਾਲੋਂ ਸਾਰਾ ਹੀ ਸਬੰਧ ਤੋੜ ਲੀਤਾ ਅਰ ਇਹ ਦੇਹ ਭੀ ਸਾੜ ਕੇ ਸੁਆਹ ਕਰ ਦਿੱਤੀ ਫਿਰ ਇਸ ਨੂੰ ਗਿਆਨ ਕਦ ਰਹਿ ਸਕਦਾ ਏ, ਦੁਰਜਨ ਤੋਖ ਨਯਾਇ ਕਰਕੇ ਜੇ ਇਸ ਬਾਤ ਨੂੰ ਮੰਨ ਭੀ ਲਈਏ ਤਾਂ ਮੈਂ ਇਹ ਪੁਛਦਾ ਹਾਂ ਕਿ ਫੇਰ ਉਹ ਗਿਆਨ ਵਾਲਾ ਆਤਮਾ ਕਿਥੇ ਰਹਿੰਦਾ ਹੈ ?

ਫਿਰ ਉਸ ਵੇਲੇ ਮੈਂ ਇਹ ਭੀ ਕਿਹਾ ਕਿ ਸੰਤ ਜੀ ਆਪ ਨੇ ਅਭਾਵਾਂ ਦੇ ਨਾਉਂ ਗਿਣ ਕੇ ਦੱਸ ਦਿਤੇ ਪ੍ਰੰਤੂ ਆਪ ਇਹ ਤਾਂ ਦਸੋ ਜੋ ਇਨ੍ਹਾਂ ਵਿਚੋਂ ਜੀਵ ਦਾ ਕਿਹੜਾ ਅਭਾਵ ਚਾਰ ਵਾਕ ਪਰ ਲਗਾਉਗੇ ਕਿਉਂਕਿ ਪ੍ਰਾਗਾ ਭਾਵ ਤਾਂ ਜੀਵ ਨੂੰ ਅਨਾਦੀ ਸਿੱਧ ਕਰੇਗਾ ਜੈਸਾ ਕਿ ਤਿਲਾਂ ਵਿਚ ਤੇਲ ਹੁੰਦਾ ਹੈ, ਸੋ ਕੇਵਲ ਉਸ ਦਾ ਪਰਾਦੁਰ ਹੀ ਨਹੀਂ ਹੁੰਦਾ ਕਿੰਤੂ ਅਸਲ ਵਿਚ ਓਹ ਉੱਤਪਤ ਨਹੀਂ ਕਹਿਆ ਜਾਂਦਾ ਅਤੇ ਤਿਲਾਂ ਵਿਚ ਅਨਾਦੀ ਚਲਯਾ ਆਉਂਦਾ ਹੈ, ਇਸੇ ਤਰ੍ਹਾਂ ਜੀਵ ਭੀ ਇਨ੍ਹਾਂ ਤੱਤਾਂ ਵਿਚ ਅਨਾਦੀ ਆਪ ਨੂੰ ਮੰਨਣਾ ਪਏਗਾ।

ਫਿਰ ਜੇ ਪ੍ਰਧੁੰਸਾ ਭਾਵ ਮੰਨੋਗੇ ਤਾਂ ਮਿੱਟੀ ਦੇ ਵਿਚੋਂ ਘੜਾ ਉੱਤਪਤ ਹੋ ਕੇ ਭਜਨ ਨਯਾਈ ਸਾਦੀ ਸਾਂਤ ਮੰਨਣਾ ਪਵੇਗਾ ਪ੍ਰੰਤੂ ਇਹ ਭੀ ਕਾਰਨ ਵਿਚ ਕਾਰਜ ਦਾ ਲੈ ਸਰੂਪ ਹੈ ਕਿੰਤੂ ਵਸਤੂ ਦਾ ਨਾਸ ਨਹੀਂ ਹੈ ਕਿਉਂਕਿ ਕਿਸੇ ਵਸਤੂ ਦੀ ਸ਼ਕਲ ਬਦਲਨ


Sri Satguru Jagjit Singh Ji eLibrary NamdhariElibrary@gmail.com

ਨਾਲ ਉਸ ਦੇ ਸਰੂਪ ਦਾ ਨਾਸ ਨਹੀਂ ਹੁੰਦਾ ਇਸ ਤੇ ਭੀ ਜੀਵ ਦਾ ਜੋ ਅਸਲੀ 'ਮਾਦਾ' ਹੈ ਉਹ ਚਾਰ ਵਾਕ ਮਤ ਵਿਚ ਆਪਦੇ ਕਥਨਾ-ਨੁਸਾਰ ਨਸ਼ਟ ਨਹੀਂ ਮੰਨਯਾ ਜਾਂਦਾ।

ਅੰਨਯੋ ਅੰਨਯਾ ਭਾਵ ਤਾਂ ਘੜੇ ਅਰ ਕਪੜੇ ਵਾਂਗ ਚਾਰ ਵਾਕ ਮਤ ਵਿੱਚ ਮੰਨ ਹੀ ਨਹੀਂ ਸਕਦੇ ਕਿਉਂਕਿ ਜਿਸ ਤਰ੍ਹਾਂ ਘੜੇ ਵਿਚ ਕਪੜੇ ਦਾ ਅਰ ਕਪੜੇ ਵਿਚ ਘੜੇ ਦਾ ਅਭਾਵ ਹੈ ਇਸੇ ਤਰ੍ਹਾਂ ਤੱਤਾਂ ਵਿਚ ਜੀਵ ਦਾ ਅਤੇ ਜੀਵ ਵਿਚ ਤੱਤਾਂ ਦਾ ਅਭਾਵ ਮੰਨਨੇ ਤੇ ਦੋ ਭਿੰਨ ਪਦਾਰਥ ਸਮਝੇ ਜਾਨਗੇ, ਇਸ ਵਾਸਤੇ ਚਾਰ ਵਾਕ ਮਤ ਵਾਲੇ ਜੀਵ ਦਾ ਨਾਸ਼ ਮੰਨਦੇ ਹਨ ਇਹ ਕਥਨ ਅਨੈਗਤ ਹੋ ਜਾਏਗਾ ਕਿਉਂਕਿ ਆਪਦੇ ਕਥਨ ਅਨੁਸਾਰ ਜੀਵ ਇਕ ਭਿੰਨ ਪਦਾਰਥ ਹੈ ॥

ਇਸ ਤੇ ਅਗੇ ਅਤਯੰਤਾ ਭਾਵ ਜੋ ਸਹੇ ਦੇ ਸਿੰਗਾਂ ਵਾਂਗ ਸਦਾ ਹੀ ਅਸੱਤ ਹੈ ਉਹ ਤਾਂ ਚਾਰ ਵਾਕ ਮਤ ਵਿਚ ਆਪ ਮੰਨ ਹੀ ਨਹੀਂ ਸਕਦੇ ਕਿਉਂਕਿ ਚਾਰ ਵਾਕ ਜੀਵ ਤੇ ਐਸਾ ਇਨਕਾਰੀ ਨਹੀਂ ਹੈ, ਇਸ ਵਾਸਤੇ ਆਪ ਦਾ ਅਭਾਵਾਂ ਦੇ ਆਖਨ ਪਰ ਯਤਨ ਕਰਨਾ ਸਭ ਐਵੇਂ ਗਿਆ ॥

ਪਰੰਤੂ ਸੁਆਮੀ ਜੀ ਤਾਈਂ ਯਾਦ ਰਹੇ ਜੋ ਮੇਰਾ ਪ੍ਰਸ਼ਨ ਚਾਰ ਵਾਕ ਆਪਦੇ ਮੱਤ ਵਿਚ ਏਕਤਾ ਕਰਨ ਤੇ ਵੇਦਾਂ ਨੂੰ ਮੰਨਨੇ ਅਰ ਨਾ ਮੰਨਨੇ ਪਰ ਨਹੀਂ ਸਾ ਕਿੰਤੂ ਮੇਰਾ ਤਾਂ ਇਸ ਅੰਸ ਵਿਚ ਸਾ ਕਿ ਮਰੇ ਤੇ ਮੁਕਤੀ ਤਾਂ ਚਾਰ ਵਾਕ ਭੀ ਮੰਨਦੇ ਹਨ ਫਿਰ ਆਪ ਦਾ ਉਨ੍ਹਾਂ ਦੇ ਮਤ ਤੋਂ ਕਯਾ ਭੇਦ ਹੈ? ਉੱਤਰ ਇਸਦਾ ਦੇਣਾ ਜੋਗ ਸਾ ਹੋਰ ਅਭਾਵਾਂ ਦੀ ਐਥੇ ਕੋਈ ਇਤਨੀ ਲੋੜ ਨਹੀਂ ਸੀ ਇਸ ਵਾਸਤੇ ਆਪ ਕੋਈ ਇਨ੍ਹਾਂ ਬਾਤਾਂ ਦਾ ਉੱਤਰ ਦੇਵੋ ॥

**ਦੋਹਿਰਾ**–ਸੁਣਦੇ ਇਤਨੀ ਬਾਤ ਨੂੰ ਹੋਏ ਸਾਧ ਹਰਾਨ।
ਆਖਨ ਇਹ ਕੀ ਮਾਰਿਆ ਇਸਨੇ ਚੁਕ ਤੂਫਾਨ ॥੮॥
ਮਨ ਵਿਚ ਅਗੋਂ ਸੋਚਕੇ ਫਿਰ ਬੋਲੇ ਹਠ ਨਾਲ।


Sri Satguru Jagjit Singh Ji eLibrary NamdhariElibrary@gmail.com

ਇਸਦਾ ਉੱਤਰ ਭੀ ਸੁਨੋ
ਅਬ ਤੁਮ ਨਾਲ ਖ਼ਜਾਲ ॥੯॥

**ਭਾਵ**—ਇਸ ਪਰ ਕੁਛਕ ਗੁਸੇ ਹੋ ਕੇ ਅਰ ਮੱਥੇ ਵੱਟ ਪਾ ਕੇ ਬੋਲੇ ਕਿ ਜੇ ਉਸ ਮੁਕਤ ਆਤਮਾ ਨੂੰ ਗਜ਼ਾਨ ਨਾ ਹੋਵੇ ਤਾਂ ਮੁਕਤੀ ਦੇ ਸੁਖ ਨੂੰ ਕਿਸ ਤਰ੍ਹਾਂ ਭੋਗੇ, ਇਸ ਵਾਸਤੇ ਉਸਨੂੰ ਗਜ਼ਾਨ ਮੰਨਣਾ ਪਏਗਾ ॥

ਦੂਸਰਾ ਉਹ ਇੱਛਾਧਾਰੀ ਹੁੰਦਾ ਹੈ ਜਿਸ ਜਗ੍ਹਾ ਚਾਹੇ ਓਥੇ ਰਹ ਸਕਦਾ ਹੈ, ਅਰ ਇਹ ਸਾਰਾ ਬ੍ਰਹਮੰਡ ਉਸਦੇ ਸੈਰ ਕਰਨ ਲਈ ਖੁਲਾ ਹੈ ॥

ਦੂਸਰੇ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਚਾਰ ਵਾਕ ਮਤ ਵਿਚ ਜੀਵ ਦਾ ਪੁਨਰ ਜਨਮ ਨਹੀਂ ਮੰਨਿਆ ਪਰੰਤੂ ਸਾਡੇ ਮਤ ਵਿਚ ਮੁਕਤ ਜੀਵ ਫਿਰ ਭੀ ਮੁੜਕੇ ਜਨਮ ਲੈਂਦਾ ਹੈ, ਜਦ ਉਸਦਾ ਮੁਕਤੀ ਦਾ ਆਨੰਦ ਭੋਗਨਾ ਪੂਰਾ ਹੋ ਜਾਂਦਾ ਹੈ ॥

**ਦੋਹਿਰਾ**—ਇਸਨੂੰ ਸੁਨਕੇ ਹੋਇਆ ਮੈਂ ਅਤਿ ਮਨਹਿ ਹਰਾਨ ।
ਇਹਕੀ ਸੁਆਮੀ ਆਖਿਆ ਅਪਨਾ ਭਾਰਾ ਗਜ਼ਾਨ ॥੧੦॥
ਏਹੋ ਜੇਹੀ ਬਾਤ ਤਾਂ ਕਰਦੇ ਨਹੀਂ ਅਜਾਨ ।
ਅਜ ਤੀਕ ਨਾ ਵੇਦ ਵਿਚ ਨਾ ਦਰਸ਼ਨ ਪੌਰਾਨ ॥੧੧॥

ਮੈਂ ਇਸ ਉੱਤਰ ਨੂੰ ਸੁਨਕੇ ਵੱਡਾ ਹੀ ਹੈਰਾਨ ਹੋਇਆ ਅਰ ਸੋਚਨ ਲਗਾ ਕਿ ਇਨ੍ਹਾਂ ਨੇ ਇਹ ਘਰ ਦਾ ਗੰਢ ਤੁੱਪ ਕਿਥੋਂ ਜੋੜ ਲੀਤਾ ਹੈ ਕਿਉਂਕਿ ਇਸ ਤਰ੍ਹਾ ਦਾ ਜੀਵ ਦਾ ਭਟਕਨਾ ਅਰ ਮੁਕਤ ਹੋ ਕੇ ਫੇਰ ਉਸੇ ਦੁਖ ਸੁਖ ਦੇ ਘਰ ਦੇਹ ਵਿਚ ਆਉਨਾ ਇਨ੍ਹਾਂ ਵੇਦ ਸ਼ਾਸ਼ਤ੍ਰ ਪੁਰਾਨ ਅਤੇ ਸ਼ੰਕ੍ਰਾਚਾਰਯ ਜੈਸੇ ਮਹਾਤਮਾਂ ਨੇ ਕਿਤੇ ਵੀ ਨਹੀਂ ਮੰਨਿਆ ਅਰ ਅਜੇਹਾ ਯੁਕਤੀ ਉਕਤੀ ਵਿਰੁਧ ਮਤ ਅੱਜ ਤਕ ਕਿਸੇ ਭੀ ਆਚਾਰਯ ਵਲੋਂ ਨਹੀਂ ਸੁਨਿਆ, ਸੋ ਇਨ੍ਹਾਂ ਨੇ ਕਜਾ ਕੁੱਛੜ ਵਿਚੋਂ ਗੁਲੇਲਾ ਮਾਰਿਆ ਜਿਸਦਾ ਕੋਈ ਸੁਰ ਪਤਾ ਨਹੀਂ ਹੈ ॥

ਪਰੰਤੂ ਫਿਰ ਭੀ ਮੈਂ ਇਹ ਆਖਿਆ ਕਿ ਸੁਆਮੀ ਜੀ ਆਪ ਦਾ



Sri Satguru Jagjit Singh Ji eLibrary NamdhariElibrary@gmail.com

ਸਿਧਾਂਤ ਸਾਰੇ ਪੁਰਾਣੇ ਵੇਦ ਮੰਨਣ ਵਾਲੇ ਰਿਖੀਆਂ ਮੁਨੀਆਂ ਤੇ ਉਲਟ ਅਰ ਯੁਕਤੀ ਹੀਨ ਹੈ, ਜਿਸ ਪਰ ਮੈਂ ਇਤਨਾ ਫਿਰ ਪ੍ਰਸ਼ਨ ਕਰਦਾ ਹਾਂ ਆਪ ਉੱਤਰ ਧੀਰਜ ਨਾਲ ਦੇਵੋ ॥

ਪਹਿਲੇ ਮੁਕਤੀ ਦਾ ਸੁਖ ਕਜਾ ਵਸਤੂ ਹੈ ਅਰਥਾਤ ਇਹ ਇਸ ਤਰ੍ਹਾਂ ਹੈ ਕਿ ਜਿਸ ਤਰ੍ਹਾਂ ਕਦੀ ਜੇਹਲਖਾਨਯੋਂ ਨਿਕਲ ਕੇ ਨਿਰਬੰਧਤਾ ਦਾ ਸੁਖ ਭੋਗਦਾ ਹੈ ?

ਦੂਸਰਾ ਕਿਜਾ ਇਹ ਇਸ ਪ੍ਰਕਾਰ ਹੈ ਜਿਸ ਤਰ੍ਹਾਂ ਆਦਮੀ ਘਰ ਨੂੰ ਛੱਡ ਕੇ ਬਾਗ ਆਦਿਕ ਦੇ ਅਨੰਦ ਨੂੰ ਭੋਗਦਾ ਹੈ, ਸੋ ਇਸੇ ਤਰ੍ਹਾਂ ਇਹ ਆਤਮਾ ਦੇਹ ਦੇ ਜੇਹਲਖਾਨਯੋਂ ਛੁਟ ਕੇ ਖੁਲ੍ਹਾ ਰਹਨ ਦਾ ਸੁਖ ਦੇਖਦਾ ਹੈ ? ਯਾ ਅਪਨੇ ਇਸ ਸ਼ਰੀਰ ਦੇ ਘਰ ਨੂੰ ਤਯਾਗ ਕੇ ਕਿਸੇ ਮੁਕਤੀ ਦੇ ਆਨੰਦ ਨੂੰ ਲੈਂਦਾ ਹੈ ਅਰ ਓਹ ਆਨੰਦ ਕਿਸੇ ਖਾਸ ਜਗ੍ਹਾ ਪਰ ਹੈ ਜਿਸ ਤਰ੍ਹਾਂ ਕੋਈ ਅਜਾਇਬ ਘਰ ਹੁੰਦਾ ਹੈ ?

ਕਿੰਤੂ ਸਾਡੇ ਖਜਾਲ ਵਿਚ ਤਾਂ ਆਨੰਦ ਦੇ ਭੋਗਨ ਲਈ ਇਸ ਆਤਮਾ ਵਾਸਤੇ ਸ਼ਰੀਰ ਜੈਸਾ ਅੱਛਾ ਸਾਧਨ ਕੋਈ ਹੋਰ ਮਿਲਨਾ ਹੀ ਬਹੁਤ ਕਠਨ ਹੈ, ਕਿਉਂਕਿ ਇਸ ਸ਼ਰੀਰ ਵਿਚ ਤਾਂ ਇਹ ਅੱਖੀਂ ਨਾਲ ਦੇਖ ਸਕਦਾ ਹੈ, ਕੰਨਾਂ ਨਾਲ ਸੁਨ ਸਕਦਾ ਹੈ ਇਸੇ ਤਰ੍ਹਾਂ ਅਪਨੇ ਗਜਾਨ ਅਤੇ ਕਰਮ ਇੰਦ੍ਰਯਾਂ ਨਾਲ ਸਭ ਕੁਛ ਸੁਖ ਪਾ ਸਕਦਾ ਹੈ ਪਰੰਤੂ ਜਦ ਇਨ੍ਹਾਂ ਸਾਧਨਾਂ ਤੇ ਹੀਨ ਹੋ ਗਜਾ ਤਦ ਤਾਂ ਸੁੰਨ ਮੁੰਨ ਹੋ ਕੇ ਖਰਾਬ ਹੀ ਹੁੰਦਾ ਹੋਵੇਗਾ ॥

ਅਰ ਜਿਸ ਤਰ੍ਹਾਂ ਨੀਂਦ ਅਤੇ ਮੂਰਛਾ ਵਿਚ ਬੇ ਖਬਰ ਜੇਹਾ ਹੋਕੇ ਪਿਆ ਰਹਿੰਦਾ ਹੈ ਇਸੇ ਤਰ੍ਹਾਂ ਮੌਤ ਦੀ ਨੀਂਦ ਵਿਚ ਬੇ ਖਬਰ ਹੋਕੇ ਪਿਆ ਰਹੇਗਾ ॥

ਇਸ ਤੇ ਅਗੇ ਜੋ ਆਪ ਆਖਦੇ ਹੋ ਕਿ ਜਿਸ ਜਗ੍ਹਾ ਉਸ ਦੀ ਇੱਛਾ ਹੋਵੇ ਉਥੇ ਰਹਿੰਦਾ ਹੈ ਸੋ ਇਹ ਭੀ ਯੁਕਤੀ ਸਿੱਧ ਨਹੀਂ ਕਿਉਂਕਿ ਜਦ ਉਸ ਆਤਮਾ ਪਾਸ ਇੱਛਾ ਦੇ ਸਾਧਨ ਇੰਦਰੇ ਅਤੇ ਅੰਤਹ ਕਰਣ ਹੀ ਨਹੀਂ ਹਨ ਤਦ ਉਸਨੂੰ ਇੱਛਾ ਕਿਥੋਂ ਹੋਣੀ ਹੈ ॥


Sri Satguru Jagjit Singh Ji eLibrary NamdhariElibrary@gmail.com

ਪਰ ਜੇ ਮੰਨ ਭੀ ਲਈਏ ਤਾਂ ਇਕ ਬਾਇ ਮਾਰਿਆਂ ਵਾਂਗ ਡਾਵਾਂ ਡੋਲ ਪਿਆ ਫਿਰਦਾ ਰਹੇਗਾ ਜਿਸ ਦਾ ਨਾ ਕੋਈ ਥਹੁ ਨਾ ਟਿਕਾਨਾ ਫਿਰ ਅਜੇਹੀ ਮੁਕਤੀ ਤੇ ਕਿਸੇ ਨੇ ਟਕੇ ਲੈਣੇ ਹਨ ਸਗੋਂ ਇਹ ਤਾਂ ਬਿਆਧੀ ਸਹੇੜਨੀ ਹੈ ॥

ਦੂਸਰਾ ਜੋ ਆਪ ਨੇ ਚਾਰਵਾਕ ਨਾਲੋਂ ਅਪਨੇ ਮਤ ਵਿਚ ਜੀਵ ਦਾ ਮੁਕਤ ਹੋ ਕੇ ਫੇਰ ਜਨਮ ਪਾਉਨਾ ਦਸਿਆ ਹੈ ਅਰ ਮੁਕਤੀ ਦੇ ਸੁਖ ਦਾ ਅੰਤ ਮੰਨਿਆ ਹੈ ਸੋ ਇਹ ਹੀ ਉਸ ਵਿਚਾਰੇ ਜੀਵ ਨੂੰ ਇਕ ਪਸ਼ੂਆਂ ਦੀ ਪਦਵੀ ਦਿਤੀ ਹੈ ਜਿਸ ਤਰ੍ਹਾਂ ਜਦ ਪਸ਼ੂ ਦਾ ਰੱਸਾ ਗਲੋਂ ਲਾਹਕੇ ਉਸਨੂੰ ਮੁਕਤ ਕਰ ਦੇਈਦਾ ਹੈ ਤਦ ਉਹ ਸੁਤੰਤਰ ਜੰਗਲ ਵਿਚ ਜਿਥੇ ਚਾਹੁੰਦਾ ਹੈ ਫਿਰਦਾ ਹੈ ਫਿਰ ਜਦ ਉਸ ਅਵਾਰਾ ਗਰਦੀ ਦੇ ਸੁੱਖ ਨੂੰ ਭੋਗਦਾ ਭੋਗਦਾ ਥੱਕ ਜਾਂਦਾ ਹੈ ਤਦ ਫਿਰ ਮੁੜਕੇ ਓਸੇ ਖੁਰਲੀ ਪਰ ਆ ਕੇ ਓਸੇ ਰੱਸੇ ਨਾਲ ਬੰਧਿਆ ਜਾਂਦਾ ਹੈ ਇਸੇ ਤਰ੍ਹਾਂ ਇਹ ਜੀਵ ਭੀ ਸਰੀਰ ਦੇ ਰੱਸਿਓਂ ਛੁੱਟ ਕੇ ਪਿਆ ਭਰਮਦਾ ਫਿਰਦਾ ਹੈ ਅਰ ਮੁਕਤੀ ਦਾ ਸੁੱਖ ਭੋਗਦਾ ਹੈ ਪਰੰਤੂ ਜਦ ਉਹ ਸੁਖ ਪੂਰਾ ਹੋ ਜਾਂਦਾ ਹੈ ਤਦ ਮੁੜਕੇ ਓਸੇ ਤਰ੍ਹਾਂ ਸਰੀਰ ਦਾ ਰੱਸਾ ਗਲ ਵਿਚ ਪਾ ਬੈਠਦਾ ਹੈ।

ਉਸ ਪਸ਼ੂ ਨਾਲੋਂ ਇਸ ਮੁਕਤ ਜੀਵ ਵਿਚ ਇਤਨਾ ਫਰਕ ਹੁੰਦਾ ਹੈ ਕਿ ਉਹ ਤਾਂ ਓਸੇ ਰੱਸੇ ਨਾਲ ਮੁੜ ਕੇ ਬੰਨ੍ਹਿਆ ਜਾਂਦਾ ਹੈ ਅਰ ਇਹ ਮੁਕਤ ਆਤਮਾ ਅਜਿਹਾ ਪਸ਼ੂ ਹੈ ਜਿਸ ਨੂੰ ਭਾਂਤ ਭਾਂਤ ਦੇ ਰੱਸੇ ਮਿਲਦੇ ਰਹਿੰਦੇ ਹਨ ਜਿਨ੍ਹਾਂ ਦੇ ਪ੍ਰਤਾਪ ਨਾਲ ਕਦੇ ਘੋੜਾ ਬਣ ਜਾਂਦਾ ਹੈ ਕਦੇ ਗਧਾ ਹੋ ਜਾਂਦਾ ਹੈ ਫਿਰ ਕਦੇ ਮੁਕਤੀ ਦਾ ਸੁਖ ਭੋਗ ਕੇ ਕਬੂਤਰ ਆ ਹੁੰਦਾ ਹੈ ਗੱਲ ਕਾਹਦੀ ਕਿ ਅਪਨੇ ਨਵੇਂ ਨਵੇਂ ਰੂਪ ਵਟਾਉਂਦਾ ਪਿਆ ਫਿਰਦਾ ਹੈ ॥

ਮੈਂ ਇਤਨਾ ਆਖ ਕੇ ਫਿਰ ਤਲਾਬ ਦੇ ਉਤੇ ਇੱਲਾਂ ਉਡਦੀਆਂ ਨੂੰ ਦੇਖਕੇ ਕਿਹਾ ਕਿ ਸੁਆਮੀ ਜੀ ਦੇਖੋ ਖਾਂ ਤੁਸੀਂ ਤਾਂ ਪਹਿਚਾਨ ਸਕਦੇ ਹੋਵੋਗੇ ਜੋ ਕਿਤੇ ਇਹ ਇੱਲਾਂ ਓਹੋ ਮੁਕਤ ਪੁਰਖ ਤਾਂ ਨਹੀਂ



Sri Satguru Jagjit Singh Ji eLibrary NamdhariElibrary@gmail.com

ਹਨ ਜਿਨ੍ਹਾਂ ਦਾ ਤੁਸੀਂ ਕਥਨ ਕਰਦੇ ਹੋ, ਕਿ ਜਿਥੇ ਚਾਹੁਨ ਓਥੇ ਰਹਿ ਸਕਦੇ ਹਨ ਅਰ ਨਵੇਂ ਨਵੇਂ ਸ਼ਰੀਰ ਪਾ ਲੈਂਦੇ ਹਨ, ਸੋ ਸ਼ਾਇਦ ਆਪ ਨੂੰ ਵੇਦ ਪਾਠੀ ਜਾਨਕੇ ਦਰਸ਼ਨ ਲਈ ਆਈਆਂ ਹੋਨਗੀਆਂ ॥

**ਦੋਹਿਰਾ**—ਇਤਨੇ ਆਖਨ ਪਰ ਭਏ ਗੁੱਸੇ ਸੁਆਮੀ ਸਾਧ ।
ਥੋੜਾ ਹੀ ਬਾਕੀ ਰਿਹਾ ਵਧਨੇ ਵਿਚ ਵਿਖਾਧ ॥੧੦॥
ਕਹਨ ਲਗੇ ਤੁਮ ਕਰਤ ਹੋ ਲੰਬੇ ਝਗੜੇ ਨਿਤ ।
ਸੁਨ ਕਰ ਹਮਰਾ ਦੁਖਤ ਹੈ ਬਚਨ ਤੁਮਾਰੇ ਚਿੱਤ ॥੧੧॥

**ਭਾਵ**—ਇਸ ਦਾ ਉੱਤਰ ਹੋਰ ਤਾਂ ਕੁਝ ਨਾ ਦਿਤਾ ਕੇਵਲ ਇਤਨਾ ਹੀ ਆਖਯਾ ਕਿ ਤੁਸੀਂ ਲੰਬੇ ਝਗੜੇ ਛੇੜ ਦੇਂਦੇ ਹੋ ਇਸ ਵਾਸਤੇ ਸਾਡੇ ਚਿੱਤ ਨੂੰ ਤੁਹਾਡੇ ਕਥਨ ਤੇ ਅਸਚਰਜ ਹੁੰਦਾ ਹੈ ॥

ਇਸ ਪਰ ਮੈਂ ਕਿਹਾ ਕਿ ਬਾਦਸ਼ਾਹ ਦੇ ਲੰਬੇ ਹੀ ਯੁੱਧ ਹੁੰਦੇ ਹਨ ਹੋਰ "ਮਾੜਾ ਮਾੜਾ ਲੜੇ ਚੀਖ ਚੰਗਾੜਾ ਪੜੇ" ਵਾਲਾ ਕੰਮ ਨਹੀਂ ਹੁੰਦਾ ਜਿਸ ਤੇ ਆਪ ਨੂੰ ਘਬਰਾਉਨਾ ਨਹੀਂ ਚਾਹੀਦਾ ॥

ਇਸ ਪਰ ਆਖਨ ਲਗੇ ਕਿ ਤੁਸੀਂ ਬਾਦਸ਼ਾਹ ਤਾਂ ਬਨ ਗਏ ਪਰ ਤੁਹਾਡੀ ਫੌਜ ਕਿੱਥੇ ਹੈ ਜਿਸ ਪਰ ਮੈਂ ਆਖਯਾ ਕਿ ਮੇਰੀ ਫੌਜ ਮਨ ਬੁਧਿ ਚਿੱਤ ਅਹੰਕਾਰ ਹੈ ਅਰ ਉਕਤੀ ਯੁਕਤੀ ਦੇ ਗੋਲੇ ਮਾਰ ਕੇ ਆਪ ਜੈਸੇ ਮਹਾਤਮਾਂ ਦੇ ਕਪੋਲ ਕਲਪਤ ਮਤਾਂ ਦੇ ਕਿਲੇ ਨੂੰ ਉਡਾਉਂਦੀ ਹੈ ਕਯਾ ਆਪ ਦੇਖਦੇ ਨਹੀਂ ਜੋ ਮੇਰੀ ਫੌਜ ਕਯਾ ਕਰਦੀ ਹੈ ?

ਇਤਨੇ ਪਰ ਆਖਨ ਲਗੇ ਕਿ ਤੁਸੀਂ ਬਾਦਸ਼ਾਹ ਹੀ ਸਹੀ ਪਰ ਅਸੀਂ ਤਾਂ ਏਹੋ ਜਾਣਦੇ ਹਾਂ ਜੋ ਦਸ ਚੁਕੇ ਹਾਂ, ਜਿਸਦਾ ਉੱਤਰ ਮੈਂ ਇਤਨਾ ਦੇ ਕੇ ਆਪ ਕੁਛ ਨਹੀਂ ਜਾਣਦੇ ਉਠ ਖੜਾ ਹੋਯਾ ਅਰ ਉਹ ਬੰਗਾਲੀ ਬਾਬੂ ਭੀ ਮੇਰੇ ਨਾਲ ਹੀ ਤੁਰ ਆਇਆ, ਅਰ ਆਖਨ ਲਗਾ ਕਿ "ਮਾਲੂਮ ਨਹੀਂ ਜੋ ਸੁਆਮੀ ਜੀ ਨੇ ਉੱਤਰ ਕਯੋਂ ਨਾ ਦੀਆ" ਮੈਂ ਕਿਹਾ ਕਿ ਬਾਬੂ ਜੀ ਜੋ ਹੋਯਾ ਆਪ ਦੇ



Sri Satguru Jagjit Singh Ji eLibrary NamdhariElibrary@gmail.com

ਸਾਮ੍ਹਨੇ ਹੀ ਹੋਇਆ ਹੈ ॥

ਇਹ ਮੇਰਾ ਅਖੀਰ ਦਾ ਉੱਤ੍ਰ ਪ੍ਰਸ਼ਨ ਸਾ ਜਿਸ ਪਰ ਉਨ੍ਹਾਂ ਦਾ ਮੁਕਤੀ ਵਾਲਾ ਖਯਾਲ ਭੀ ਅਯੁਕਤ ਦੇਖਯਾ ॥

## ਪੰਡਤ ਦਯਾ ਨੰਦ ਜੀ ਦੀ ਵਿਦਯਾ ਪਰ ਮੇਰੀ ਸੰਮਤੀ

ਦੋਹਿਰਾ—ਹੁਣ ਮੈਂ ਦੱਸਾਂ ਅੰਤ ਨੂੰ ਜੋ ਵਿੱਦਯਾ ਦਾ ਹਾਲ ।
ਉਸ ਸਾਧੂ ਵਿਚ ਦੇਖਯਾ ਅਪਨੀ ਅੱਖਾਂ ਨਾਲ ॥੧॥
ਜਿਸ ਨੂੰ ਸੁਨਕੇ ਵਿਗਯ ਜਨ ਸਮਝਨਗੇ ਮਨ ਸੱਤ ।
ਭਾਵੇਂ ਮੰਨਨ ਨਾਂਹਿ ਉਹ ਜਿਨ ਘਟ ਨਾਹੀਂ ਮੱਤ ॥੨॥

**ਭਾਵ**—ਸੁਆਮੀ ਦਯਾਨੰਦ ਸਰਸਵਤੀ ਸਾਹਿਬ ਨੂੰ ਮੈਂ ਅਪਨੇ ਅੱਖੀਂ ਅੱਛੀ ਤਰ੍ਹਾਂ ਦੇਖਯਾ ਅਤੇ ਕੰਨੀਂ ਉਨ੍ਹਾਂ ਦੇ ਵੱਖਯਾਨ ਸੁਨੇ ਸਨ ਜਿਸਤੇ ਉਸ ਵੇਲੇ ਥੋਂ ਲੈ ਕੇ ਜੋ ਅੱਜ ਤਕ ਮੈਨੂੰ ਉਨ੍ਹਾਂ ਦੀ ਵਿੱਦਯਾ ਪਰ ਖਿਆਲ ਚੱਲਿਆ ਆਉਂਦਾ ਹੈ ਸੋ ਸਭਨਾਂ ਸੱਜਣਾਂ ਅਗੇ ਪ੍ਰਗਟ ਕਰਨਾ ਭੀ ਮੈਂ ਜ਼ਰੂਰੀ ਸਮਝਦਾ ਹਾਂ ॥

ਪਹਿਲੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਧਰਮਾਤਮਾ ਧਰਮ ਧੁਜਾ ਦੀ ਸ਼ਰੇਣੀ ਦੇ ਵਿਚ ਤਾਂ ਕਦੀ ਭੀ ਨਹੀਂ ਗਿਣ ਸਕਦਾ ਜਿਨ੍ਹਾਂ ਨੂੰ ਲੋਗ ਈਸ਼ਵਰ ਕੋਟੀ ਵਿਚ ਗਿਣਦੇ ਹਨ ਯਾ ਜੋ ਖਾਸ ਉਪਦੇਸ਼ ਲੈ ਕੇ ਜਗਤ ਵਿਚ ਆਏ ਸਨ ਅਤੇ ਜਿਨ੍ਹਾਂ ਦੇ ਨਸ਼ਾਨ ਵੱਡੀ ਭਾਰੀਆਂ ਕੌਮਾਂ ਪ੍ਰਸਿੱਧ ਹਨ ॥

ਦੂਸਰਾ ਮੈਂ ਉਨ੍ਹਾਂ ਨੂੰ ਐਸੇ ਵਿਦਵਾਨਾਂ ਦੀ ਉਸ ਸ਼੍ਰੇਣੀ ਵਿਚ ਭੀ ਸ਼ਾਮਲ ਕਰਦਾ ਲੱਜਤ ਹੁੰਦਾ ਹਾਂ ਜਿਹੜੀ ਹਿੰਦੂ ਲੋਗਾਂ ਵਿਚ ਹੀ ਵਿੱਦਯਾ ਦੀ ਭੰਡਾਰ ਸਮਝੀ ਜਾਂਦੀ ਹੈ ਜੈਸੇ ਕਿ ਛੇ ਸ਼ਾਸਤ੍ਰਾਂ ਦੇ ਵਡੇ ਪ੍ਰਸਿਧ ਕਰਤਾ ਛੇ ਰਿਖੀ ਗੌਤਮ, ਕਪਲ, ਜੈਮਨਿ, ਪਤੰਜਲਿ, ਕਣਾਦਿ ਅਤੇ ਬਿਆਸ ਮੁਨਿ ਜੀ ਕਹੇ ਜਾਂਦੇ ਹਨ । ਇਸੀ ਪ੍ਰਕਾਰ



Sri Satguru Jagjit Singh Ji eLibrary NamdhariElibrary@gmail.com

ਨੀਤੀ ਕਰਤਾ ਮਨੂੰ ਜੀ, ਬਸ਼ਿਸ਼ਟ ਜੀ ਅਤੇ ਯਾਗਵਲਕ ਆਦਿਕ ਜੋ ਧਰਮ ਸ਼ਾਸਤਰ ਕਰਤਾ ਹੋਏ ਹਨ, ਕਿਉਂਕਿ ਉਨ੍ਹਾਂ ਮੁਨੀਆਂ ਦੇ ਬਨਾਏ ਹੋਏ ਦਰਸ਼ਨਾਂ ਨੂੰ ਅਜ ਤਕ ਕਿਸੇ ਵਿਦਵਾਨ ਨੇ ਭੀ ਆਪਨੀ ਰਚਨਾ ਨਾਲ ਲੱਜਤ ਨਹੀਂ ਕੀਤਾ ਅਰ ਬਿਆਸ ਜੀ ਨੇ ਜਿਤਨਾ ਅਪਨੀ ਉਮਰਾ ਵਿਚ ਕੰਮ ਕੀਤਾ ਹੈ ਸੋ ਦਸਦਾ ਹੈ ਕਿ ਦੁਨੀਆਂ ਦੇ ਕਿਸੇ ਪੰਡਤ ਨੇ ਭੀ ਨਹੀਂ ਕੀਤਾ ਜੈਸਾ ਕਿ ਵੇਦ ਦਾ ਚਾਰ ਸ਼੍ਰੇਣੀਆਂ ਵਿਚ ਵੰਡਨਾ, ਵੇਦਾਂਤ ਸ਼ਾਸਤ੍ਰ ਦਾ ਰਚਨਾ, ਫਿਰ ਮਹਾਂ-ਭਾਰਤ ਅਤੇ ੧੮ ਪੁਰਾਣ ਅਰ ੧੮ ਉਪ ਪੁਰਾਣਾਂ ਦਾ ਬਨਾਉਣਾ ਸਾਬਤ ਕਰਦਾ ਹੈ ਕਿ ਇਸ ਦੁਨੀਆਂ ਪਰ ਉਹ ਇਕ ਅਦੁਤੀਯ ਪੰਡਤ ਸਾ, ਸਮਾਜੀ ਭਾਈਆਂ ਦਾ ਗੁਰੂ ਉਸ ਦੇ ਸਿਸ਼ਾਂ ਦੇ ਸਿਸ਼ਾਂ ਬਰਾਬਰ ਆਖਨਾ ਭੀ ਇਕ ਉਪਹਾਸ ਜੋਗ ਬਾਤ ਹੈ ॥

ਫਿਰ ਸ਼ੰਕਰ ਜੀ ਜੈਸੇ ਪੂਰਣ ਵਿਦਵਾਨ ਦੇ ਸਾਮ੍ਹਨੇ ਭੀ ਜੇ ਕਦੇ ਦਯਾਨੰਦ ਜੀ ਦੀ ਵਿਦਯਾ ਦਾ ਮੁਕਾਬਲਾ ਕੀਤਾ ਜਾਏ ਤਾਂ ਭੀ ਇਸ ਤਰ੍ਹਾਂ ਸਮਝਿਆ ਜਾਏਗਾ ਜਿਸ ਤਰ੍ਹਾਂ ਅਮੋਲਕ ਰਤਨ ਦੇ ਨਾਲ ਇਕ ਬਲੌਰ ਦੇ ਥੇਵੇ ਦਾ ਮੁੱਲ ਹੁੰਦਾ ਹੈ ਜਿਸ ਤੇ ਮੈਂ ਸ੍ਰੀ ਸ਼ੰਕਰਾਚਾਰਯ ਦੇ ਨਾਮ ਨਾਲੋਂ ਭੀ ਇਨ੍ਹਾਂ ਦੇ ਨਾਮ ਨੂੰ ਜੁਦਾ ਰਖਨਾ ਹੀ ਅੱਛਾ ਜਾਣਦਾ ਹਾਂ ॥

ਇਸ ਤੇ ਉੱਤਰ ਕੇ ਜੋ ਇਨ੍ਹਾਂ ਦੇ ਸਮਯਾਂ ਥੋਂ ਕੁਛ ਦਿਨ ਪਹਿਲੇ ਅਰ ਯਾ ਕੁਛ ਕਾਲ ਇਨ੍ਹਾਂ ਦੇ ਹੁੰਦਿਆਂ ਭੀ ਵਿਦਵਾਨ ਸੇ ਉਨ੍ਹਾਂ ਦੇ ਨਾਲ ਭੀ ਜੇ ਇਨ੍ਹਾਂ ਦਾ ਮੁਕਾਬਲਾ ਕੀਤਾ ਜਾਏ ਤਾਂ ਭੀ ਸਾਧੂ ਜੀ ਪੂਰੇ ਨਹੀਂ ਉਤਰਨਗੇ ਕਿਉਂਕਿ ਪੰਡਤ ਜੋਤੀ ਸਰੂਪ ਦੇ ਸਾਮ੍ਹਨੇ ਕਨਖੜ ਵਿਚ ਸੁਆਮੀ ਦਯਾਨਦ ਜੀ ਨੇ ਚੁਪ ਤੇ ਬਿਨਾਂ ਹੋਰ ਕੁਛ ਭੀ ਨਹੀਂ ਕੀਤਾ ਸਾ ਇਸੇ ਤਰ੍ਹਾਂ ਪੰਡਤ ਨਿਸਚਲ ਦਾਸ ਰਚਤ ਪੁਸਤਕਾਂ ਦੇ ਬਰਾਬਰ ਉਨ੍ਹਾਂ ਦੀ ਇਕ ਪੁਸਤਕ ਭੀ ਨਹੀਂ ਹੈ ਕਿ ਮੁਕਾਬਲਾ ਕਰ ਸਕੇ। ਇਹ ਬਾਤ ਕੋਈ ਪ੍ਰੋਖ ਨਹੀਂ ਹੈ ਇਸ ਲਈ


Sri Satguru Jagjit Singh Ji eLibrary NamdhariElibrary@gmail.com

ਜਿਸ ਨੂੰ ਸ਼ੰਕਾ ਹੋਵੇ ਸੋ ਇਕ ਪਾਸੇ ਸਾਧੂ ਦਯਾਨੰਦ ਜੀ ਦੇ ਸਤਯਾਰਥ ਪ੍ਰਕਾਸ਼ ਅਤੇ ਦੂਜੀ ਵਲ ਪੰਡਤ ਨਿਸਚਲ ਦਾਸ ਜੀ ਰਚਤ ਵਿਚਾਰ ਸਾਗਰ ਅਤੇ ਬ੍ਰਿਤੀ ਪ੍ਰਭਾਕਰ ਨੂੰ ਪੜ੍ਹਕੇ ਦੇਖ ਸਕਦਾ ਹੈ ॥

**ਦੋਹਿਰਾ**--ਫਿਰ ਇਹ ਆਪਣੀ ਬਾਤ ਪਰ ਰਹਿੰਦੇ ਨ ਸੀ ਪਰਪੱਕ ।
ਝੱਟ ਬਦਲਦੇ ਤੁਰਤ ਹੀ ਜਿੱਥੇ ਪੈਂਦਾ ਸ਼ੱਕ ॥੩॥

**ਭਾਵ**--ਇਸ ਤੇ ਬਿਨਾਂ ਪੰਡਤ ਦਯਾਨੰਦ ਜੀ ਵਿਚ ਇਕ ਹੋਰ ਅਦਭੁਤ ਬਾਤ ਸੀ ਜੋ ਉਨ੍ਹਾਂ ਨੂੰ ਇਹ ਪਤਾ ਨਹੀਂ ਸਾ ਕਿ ਵੇਦਕ ਮਤ ਕਯਾ ਹੈ ਅਰ ਸਾਡਾ ਅਪਨਾ ਨਿਸਚਾ ਕਯਾ ਹੈ. ਜਿਸ ਤੇ ਉਹ ਅਪਨੇ ਪੁਸਤਕ ਸੱਤਯਾਰਥ ਪ੍ਰਕਾਸ਼ ਨੂੰ ਹਰ ਵੇਲੇ ਬਦਲਦੇ ਰਹਿੰਦੇ ਸਨ ਅਰ ਆਸ਼ਾ ਹੈ ਕਿ ਜੇ ਓਹ ਅੱਜ ਤਕ ਜ਼ਿੰਦੇ ਰਹਿੰਦੇ ਤਾਂ ਅੱਜ ਕੱਲ ਦੇ ਸਤਯਾਰਥ ਪ੍ਰਕਾਸ਼ ਨੂੰ ਭੀ ਅਦਲ ਬਦਲ ਕੇ ਪਹਿਲਯਾਂ ਦੀ ਤਰ੍ਹਾਂ ਕੁਝ ਨਾ ਕੁਝ ਕਰ ਦੇਂਦੇ, ਜਿਸ ਤੇ ਉਨ੍ਹਾਂ ਦਾ ਅਜੇ ਤਕ ਅਪਨਾ ਮਤ ਕੋਈ ਇਕ ਨਹੀਂ ਸਾ, ਇਕ ਵੇਰ ਉਨ੍ਹਾਂ ਨੇ ਬ੍ਰਹਮ ਸਮਾਜ ਦੇ ਮੰਦਰ ਵਿਚ ਵਿੱਖਯਾਨ ਦਿਤਾ ਜਿਸ ਵਿਚ ਇਹ ਸਾਬਤ ਕੀਤਾ ਕਿ ਸੂਰਜ ਪ੍ਰਿਥਵੀ ਦੇ ਗਿਰਦੇ ਭਰਮਨ ਕਰਦਾ ਹੈ, ਇਸ ਵਿਚ ਵੇਦਾਂ ਦੇ ਮੰਤਰ ਪੜ੍ਹ ਕੇ ਸੁਨਾਏ, ਪਰੰਤੂ ਜਦ ਡੇਰੇ ਆਏ ਤਦ ਲਾਲਾ ਸਾਈਂਦਾਸ ਜੀ ਪਰਲੋਕ ਵਾਸੀ ਨੇ ਕਿਹਾ ਕਿ ਸੁਆਮੀ ਜੀ ਅੱਜ ਕੱਲ ਦੀ ਵਿਦਯਾ ਤਾਂ ਪ੍ਰਿਥਵੀ ਨੂੰ ਭੌਂਦੀ ਦਸਦੀ ਹੈ ਜਿਸ ਤੇ ਲੋਗ ਵੇਦਾਂ ਨੂੰ ਅੱਛਾ ਨਹੀਂ ਜਾਨਨਗੇ, ਇਸ ਪਰ ਬੋਲੇ ਕਿ ਤੁਸੀਂ ਸਾਨੂੰ ਪਹਿਲੇਂ ਦੱਸਨਾ ਸਾ ਜਿਸ ਤੇ ਹੁਣ ਕੱਲ ਨੂੰ ਇਸ ਦਾ ਖੰਡਨ ਕਰੇਂਗੇ ॥

ਦੂਜੇ ਦਿਨ ਅਪਨੇ ਵਿਖਯਾਨ ਵਿਚ ਕਿਹਾ ਕਿ ਜੋ ਅਸੀਂ ਕੱਲ ਦੇ ਵਿਖਯਾਨ ਦੁਆਰਾ ਧਰਤੀ ਖੜੀ ਅਰ ਸੂਰਜ ਭੌਂਦਾ ਦਸਿਆ ਹੈ ਸੋ ਵਾਦੀ ਦਾ ਕਥਨ ਸਾ ਜਿਸ ਤੇ ਓਹ ਵੇਦਾਂ ਮੰਤਰਾਂ ਦੇ ਇਸ ਤਰ੍ਹਾਂ



Sri Satguru Jagjit Singh Ji eLibrary NamdhariElibrary@gmail.com

ਅਰਥ ਕਰਦੇ ਹਨ ਪਰੰਤੂ ਅਸਲ ਵਿਚ ਇਨ੍ਹਾਂ ਮੰਤਰਾਂ ਤੇ ਸੂਰਜ ਫਿਰਦਾ ਨਹੀਂ ਸਿੱਧ ਹੁੰਦਾ ਕਿੰਤੂ ਧਰਤੀ ਭੌਂਦੀ ਹੈ। ਅਸੀਂ ਉਨ੍ਹਾਂ ਦਾ ਨਿਸ਼ਚਾ ਇਸ ਤਰ੍ਹਾਂ ਨਾਲ ਦੇਖਿਆ ਹੈ ਜੋ ਪ੍ਰਪੱਕ ਨਹੀਂ ਸਾ॥

ਇਸ ਤੋਂ ਬਿਨਾਂ ਉਨ੍ਹਾਂ ਨੂੰ ਜਿਥੋਂ ਤਕ ਦੇਖਨ ਵਿਚ ਆਇਆ ਹੈ ਦਰਸ਼ਨ ਅਤੇ ਉਪਨਿਖਧਾਂ ਨਹੀਂ ਆਉਂਦੀਆਂ ਸਨ ਅਤੇ ਨਾ ਸਾਰੀਆਂ ਸਿੰਮ੍ਰਤੀਆਂ ਤੇ ਹੀ ਗਯਾਤ ਸਨ ਕਿੰਤੂ ਉਹ ਵੇਦਾਂ ਦਾ ਪਾਠ ਚੰਗਾ ਕਰਦੇ ਸੇ ਅਰ ਅਸ਼ਟਾ ਧਯਾਈ ਅਤੇ ਦਸ ਸਿੰਮ੍ਰਤੀਆਂ ਬਹੁਤ ਚੰਗੀਆਂ ਜਾਨਦੇ ਸੇ ਇਸ ਦਾ ਸਬੂਤ ਇਹੋ ਹੈ ਕਿ ਜਿਥੇ ਉਨ੍ਹਾਂ ਨੇ ਦਰਸ਼ਨ ਦਾ ਖੰਡਨ ਕਰਨਾ ਚਾਹਿਆ ਹੈ ਸੋ ਓਥੇ ਓਹ ਕੁਝ ਭੀ ਨਹੀਂ ਕਰ ਸਕੇ।

**ਦੋਹਿਰਾ**—ਜੇ ਕੋ ਪੁੱਛੇ ਮੁੱਝ ਨੂੰ ਇਹ ਸਭ ਆਪੋ ਧਾਪ।
ਆਇ ਪਈ ਇਸ ਦੇਸ ਵਿਚ ਹੈ ਕਿਸਦਾ ਪ੍ਰਤਾਪ ॥੪॥

ਭਾਵ—ਜੇ ਕੋਈ ਮੈਨੂੰ ਇਹ ਪੁੱਛੇ ਕਿ ਜੇ ਉਨ੍ਹਾਂ ਦੀ ਵਿੱਦਯਾ ਬੁੱਧਿ ਦਾ ਇਹ ਹਾਲ ਸੀ ਤਾਂ ਇਸ ਦੇਸ ਵਿਚ ਇਹ ਸ਼ੋਰ ਸ਼ਰਾਬਾ ਕਯੋਂ ਪੈ ਗਿਆ, ਇਸ ਦਾ ਉੱਤਰ ਇਤਨਾ ਹੀ ਹੈ ਕਿ ਉਸ ਵੇਲੇ ਦੇ ਪੰਡਤ ਵੇਦ ਅਤੇ ਬਯਾਕਰ ਘੱਟ ਜਾਨਦੇ ਸੇ ਜਿਸ ਤੇ ਪੰਜਾਬ ਵਿਚ ਉਨ੍ਹਾਂ ਨੇ ਕਾਮਯਾਬੀ ਹਾਸਲ ਕਰ ਲਈ। ਜਿਸ ਦਾ ਕੇਵਲ ਸਬੂਤ ਇਹ ਹੈ ਕਿ ਦੱਖਨ ਅਤੇ ਬੰਗਾਲ ਵਿਚ ਉਨ੍ਹਾਂ ਨੂੰ ਕੋਈ ਭੀ ਨਹੀਂ ਜਾਨਦਾ॥

**ਦੋਹਿਰਾ**—ਇਹ ਮੇਰੀ ਹੈ ਸੰਮਤੀ ਉਸ ਦੀ ਵਿੱਦਯਾ ਹੇਤ।
ਜੇ ਅਤਬਾਰ ਨ ਆਵੰਦਾ ਖੋਜ ਲਵੋ ਸਭ ਭੇਦ ॥੫॥
ਮਨ ਦੇ ਵਿੱਦਯਾ ਨੂੰ ਪੜ੍ਹੋ ਵੇਦ ਔਰ ਸਭ ਭਾਸ।



Sri Satguru Jagjit Singh Ji eLibrary NamdhariElibrary@gmail.com

ਤਦ ਆਪੇ ਲਖ ਲੇਹੁਗੇ ਜੋ ਹੈ ਸੱਤ ਬਲਾਸ ॥੬॥

ਨਾਲ ਦਯਾਨੰਦ ਸਾਧ ਦੇ ਇਹ ਹੋਏ ਪ੍ਰਸੰਗ ।
ਜਿਸ ਨੂੰ ਪੜ੍ਹ ਕੇ ਸੁਜਨ ਜਨ ਮਨ ਮਹਿ ਹੋਵਨ ਦੰਗ ॥੭॥

ਜੇ ਕਰ ਕੋਈ ਉਨ੍ਹਾਂ ਦਾ ਚੇਲਾ ਕਰੇ ਘਮੰਡ ।
ਤਾਂ ਮੈਂ ਸਦ ਹੀ ਤਯਾਰ ਹਾਂ ਖੋਲਨ ਹੇਤ ਪਖੰਡ ॥੮॥

॥ ਇਤੀ ॥

Sri Satguru Jagjit Singh Ji eLibrary NamdhariElibrary@gmail.com

# ਸਿੱਖ ਮਿਸ਼ਨਰੀ ਕਾਲਜ ਦੀਆਂ ਖੋਜ ਭਰਪੂਰ ਪੁਸਤਕਾਂ

## ਕੈਲੰਡਰ, ਕਾਰਡ, ਸਟਿੱਕਰ ਤੇ ਪੋਸਟਰ

| ਪੁਸਤਕ ਨੰ: | | ਕੀਮਤ |
|---|---|---|
| | ਕੈਲੰਡਰ | 5/- |
| | ਕੈਲੰਡਰ | 3/- |
| | ਛੋਟਾ ਕਾਰਡ | 4/- |
| | ਵੱਡਾ ਕਾਰਡ ਕੈਲੰਡਰ | 1/- |
| | ਸਟਿੱਕਰ (ਫੋਟੋਸਟਿੱਕਰ) 10"x19" | 15/- |
| | ਸਟਿੱਕਰ (ਫੋਟੋਸਟਿੱਕਰ) 5"x10" | 5/- |
| | ਪੋਸਟਰ ਵੱਡਾ ਸਾਈਜ਼ | 10/- |
| | ਪੋਸਟਰ ਛੋਟਾ ਸਾਈਜ਼ | 5/- |

## ਕੈਸਟਾਂ

| | |
|---|---|
| [illegible] (Vol. I & II) | [illegible] (ਸਿੱਖ ਮਿਸ਼ਨਰੀ ਕਾਲਜ, ਹੁਸ਼ਿਆਰਪੁਰ) |
| [illegible] | [illegible] |
| [illegible] | [illegible] |
| [illegible] | [illegible] |
| [illegible] | [illegible] |
| [illegible] | [illegible] |
| [illegible] | [illegible] |

# हिन्दी पुस्तकें

## बच्चों को लिये

| | | |
|---|---|---|
| 79 | सिख धर्म की प्राथमिक जानकारी | 4/- |
| 70 | दस गुरुओं का संक्षिप्त इतिहास | 7/- |
| 83 | खून शहीदों का (16 चित्रों सहित) | 7/- |
| 213 | सिख धर्म प्रश्नोत्तरी भाग – 1 | 5/- |
| 214 | सिख धर्म प्रश्नोत्तरी भाग – 2 | 8/- |
| 215 | सिख धर्म प्रश्नोत्तरी भाग – 3 | 13/- |
| 216 | सिख धर्म प्रश्नोत्तरी भाग – 4 | 15/- |
| 217 | सिख धर्म प्रश्नोत्तरी (1 से 4 भाग) | 40/- |

## गुरबाणी व्याख्या

| | | |
|---|---|---|
| 87 | गुरबाणी व्याख्या भाग–1 | 3/- |
| 88 | गुरबानी व्याख्या भाग–2 | 4/- |
| 89 | गुरबाणी व्याख्या भाग–3 | 5/- |
| 90 | गुरबानी व्याख्या भाग–4 | 4/- |
| 258 | चुनींदा शब्दों की व्याख्या भाग–8 | 5/- |

## गुरबाणी सटीक (अर्थ)

| | | |
|---|---|---|
| 157 | जपु जी साहिब सटीक | 6/- |
| [illegible] | जापु साहिब सटीक | 5/- |
| [illegible] | त्व प्रसादि सवये सटीक | 2/- |
| 97 | [illegible] साहिब तथा सोहिला | 5/- |
| 141 | 33 सवैये सटीक | 4/- |
| 212 | सद सटीक | 4/- |
| 250 | अनंदु साहिब सटीक | 5/- |
| 260 | बारहमाहा सटीक (तुखारी व माझ) | 6/- |
| 261 | अकाल उसतति में से कबितों की व्याख्या | 4/- |
| 244 | रामकली की वार (राय बलवंड सत्ते डूमि आखी) | 3/- |
| 235 | सिद्ध गोसटि सटीक | 8/- |
| 236 | अनन्द कारज (सिख विवाह पद्धति) | 4/- |

| ਪੁਸਤਕ ਨੰ: | | ਕੀਮਤ |
|---|---|---|
| 263 | नितनेम सटीक | 25/- |

## जीवनियां

| | | |
|---|---|---|
| 103 | जीवन यात्रा गुरु नानक देव जी | 10/- |
| 174 | जीवन यात्रा गुरु अंगद देव जी | 8/- |
| 221 | जीवन वृतांत श्री गुरु अमरदास जी | 15/- |
| 264 | जीवन वृतांत गुरु रामदास जी | 15/- |
| 252 | जीवन वृतांत गुरु अर्जुन देव जी | 15/- |
| 234 | गुरु अर्जुन देव जी की शहीदी | 5/- |
| 262 | उत्तम पुरख - जीवन वृतांत गुरु गोबिन्द सिंघ जी | 20/- |
| 162 | बाबा दीप सिंघ शहीद | 4/- |
| 231 | नवाब कपूर सिंघ | 4/- |
| 135 | स: जस्सा सिंघ आहलुवालिया | 4/- |
| 143 | भाई मनी सिंघ जी | 3/- |
| 254 | भाई नन्द लाल सिंघ जी | 5/- |
| 255 | सरदार जस्सा सिंघ रामगढ़िया | 4/- |
| 240 | भाई गुरदास जी | 4/- |
| 243 | ज्ञानी दित सिंघ | 3/- |
| 225 | भाई महाराज सिंघ | 3/- |
| 139 | महाराजा रणजीत सिंघ | 3/- |
| 187 | स: शाम सिंघ अटारी | 3/- |
| 188 | अकाली बाबा फूला सिंघ | 3/- |
| 189 | बाबा गुरदित सिंघ कामागाटामारु | 3/- |
| 251 | सिख चुनींदा जीवनीयां | 8/- |
| 242 | सिख धर्म के महान विद्वान | 6/- |

## शिक्षाप्रद साखियां

| | | |
|---|---|---|
| 72 | शिक्षाप्रद साखियां भाग–1 | 2/- |
| 112 | शिक्षाप्रद साखियां भाग–2 | 2/- |
| 146 | शिक्षाप्रद साखियां भाग–3 | 5/- |
| 165 | शिक्षाप्रद साखियां भाग–4 | 3/- |

## मोर्चे व लहरें

| | | |
|---|---|---|
| 164 | बबर अकाली आन्दोलन | 2/- |
| 190 | मोर्चा गंगसर जैतो | 3/- |
| 253 | मोर्चा गुरु का बाग | 4/- |
| 228 | सिख मिसलें | 5/- |
| 237 | साका ननकाना साहिब | 4/- |
| 239 | सिंघ सभा लहर | 8/- |
| 265 | गुरुद्वारा सुधार लहर | 7/- |

## सिख धर्म का प्रचार

| | | |
|---|---|---|
| 163 | पंथ दर्दीओ कुछ करो भाग–1 | 4/- |
| 176 | पंथ दर्दीओ कुछ करो भाग–2 | 3/- |

## सिख विचारधारा (दर्शन)

| | | |
|---|---|---|
| 80 | सिख जीवन पद्धति | 3/- |
| 84 | खालसा की परिकल्पना | 3/- |
| 102 | शब्द गुरु एवं देहधारी गुरुडंम | 6/- |
| 81 | सिख धर्म फिलासफी भाग–1 | 6/- |
| 98 | सिख धर्म फिलासफी भाग–2 | 7/- |

| ਪੁਸਤਕ ਨੰ: | | ਕੀਮਤ |
|---|---|---|
| 166 | सिख धर्म फिलासफी भाग–3 | 3/- |
| 218 | सिख धर्म फिलासफी भाग–4 | |
| 219 | सिख धर्म फिलासफी भाग–5 | 10/- |
| 220 | मूर्ति पूजा | 8/- |
| 157 | न्यारा खालसा | 6/- |
| 230 | श्री गुरु तेग बहादुर जी के उपदेश | 3/- |
| 95 | गुरु मानिओ ग्रंथ | 8/- |
| 92 | सिख रहित मर्यादा | 3/- |
| 186 | सिमरन कैसे करें | 3/- |
| 209 | सिखी नये युग का धर्म | 4/- |
| 248 | सबसे ऊपर गुरु शब्द वीचार | 4/- |
| 256 | सिख धर्म सम्बन्धी ज्ञान रतन | 3/- |
| 227 | गुरु नानक साहिब की शिक्षा और हमारा आचरण | 3/- |
| 241 | दसम ग्रंथ बारे जानकारी | 5/- |

## तुलनात्मिक अध्ययन

| | | |
|---|---|---|
| 229 | इसाई मत और गुरमति | 4/- |
| 232 | जैन मत और गुरमति | 4/- |
| 249 | सिखी और साम्यवाद | 3/- |
| 233 | इसलाम मत और गुरमति | 4/- |
| 245 | हिन्दु धर्म और गुरमति | 5/- |

## मिश्रित

| | | |
|---|---|---|
| 191 | भारत की आज़ादी की लड़ाई में सिखों का योगदान | 4/- |
| 192 | [illegible] | 3/- |
| 180 | शब्द [illegible] गुरु मेला | 6/- |
| 182 | स्वामी दयानन्द और सिख संसार | 2/- |
| 238 | [illegible] कैसे हों | 4/- |
| 226 | कबीर साहिब की विचारधारा और समाज सुधार | 5/- |

## ਹੋਰ ਭਾਸ਼ਾਵਾਂ

| | | |
|---|---|---|
| 153 | ਸਿੱਖ ਧਰਮ ਦੇ ਮੁਢਲੇ ਸਿਧਾਂਤ (ਉਰਦੂ) | 5/- |
| 247 | ਸਿਖ ਤਵਾਰੀਖ ਪ੍ਰਸ਼ਨੋਤਰ ਧਰਮ (ਮਰਾਠੀ) | 6/ |

## ENGLISH BOOKS

| | | |
|---|---|---|
| 177 | The Baisakhi | 3/- |
| 56 | Basic Principles of Sikhism | 4/- |
| 53 | Why Am I a Sikh? | 2/- |
| 104 | Propagation of Sikh Thought | 3/- |
| 223 | Sikhism | 5/- |
| 224 | Sikhism - A Universal Message | 25/- |
| 246 | Brief History of the Sikh Gurus | 7/- |
| 222 | Teaching Sikh Heritage to the Youth | 25/- |
| 91 | Guru Nanak's Impact on History | 6/- |
| 180 | Blood of MARTYRDOM | 7/- |
| 172 | Sikh Sakhies for the Youth | 15/- |
| 173 | The Khalsa Generals | 15/- |
| 210 | Guru Nanak Dev Ji & His Religion | 4/- |

ਨੋਟ — ਪੁਸਤਕਾਂ ਮੰਗਵਾਉਣ ਲਈ ਮਾਇਆ, ਮਨੀਆਰਡਰ ਜਾਂ ਬੈਂਕ ਡਰਾਫਟ ਰਾਹੀਂ, ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰੋ ਜੀ, ਜਾਂ ਵੀ.ਪੀ.ਪੀ. ਭੇਜਣ ਲਈ ਲਿਖੋ ਜੀ।


ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸਬੰਧੀ ਖੋਜ ਭਰਪੂਰ ਲੇਖਾਂ ਰਾਹੀਂ ਨਿਰੋਲ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਣ ਵਾਲਾ ਸਿਰਮੌਰ, ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ
(ਪੰਜਾਬੀ, ਹਿੰਦੀ ਵਿਚ ਵੱਖਰਾ ਵੱਖਰਾ ਛਪਣ ਵਾਲਾ)

ਚੰਦਾ ਭੇਜਣ ਦਾ ਪਤਾ :

ਸਾਲਾਨਾ ਚੰਦਾ
ਦੇਸ਼ : 60 ਰੁਪਏ
ਵਿਦੇਸ਼ : 600 ਰੁਪਏ

ਸਿੱਖ ਫੁਲਵਾੜੀ
SIKH PHULWARI

ਇਕ ਕਾਪੀ : 6 ਰੁਪਏ
ਲਾਈਫ ਮੈਂਬਰਸ਼ਿਪ
ਦੇਸ਼ : 600 ਰੁਪਏ
ਵਿਦੇਸ਼ : 6000 ਰੁਪਏ



ਸਿੱਖ ਮਿਸ਼ਨਰੀ ਕਾਲਜ (ਰਜਿ.)
1051, ਕੂਚਾ 14, ਫੀਲਡ ਗੰਜ, ਲੁਧਿਆਣਾ-141008. ਫੋਨ : 0161-663432
ਸਬ ਆਫਿਸ : A-143, [illegible], ਨਵੀਂ ਦਿੱਲੀ-110018. ਫੋਨ : 011-5133877



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com